# ਦੇਸ਼ ਦੁਆਬਾ

VOL - 2 ISSUE - 23
February 16-28, 2014

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


**ਸ੍ਰੀ ਗੁਰੂ ਰਵਿਦਾਸ ਗੁਰਪੁਰਬ ਮਨਾਏ ਜਾਣ ਸਬੰਧੀ ਵੇਰਵਾ**

*ਪਿਟਸਬਰਗ ਵਿਖੇ 16 ਫਰਵਰੀ, 2014*
*ਮਿਲਪੀਟਸ ਵਿਖੇ 16 ਫਰਵਰੀ, 2014*
*ਯੂਬਾ ਸਿਟੀ ਵਿਖੇ 23 ਫਰਵਰੀ, 2014*
*ਨਿਊਯਾਰਕ ਵਿਖੇ 23 ਫਰਵਰੀ, 2014*
*ਫਰਿਜ਼ਨੋ ਵਿਖੇ 2 ਮਾਰਚ, 2014*
*ਸੈਕਰਾਮੈਂਟੋ ਵਿਖੇ 9 ਮਾਰਚ, 2014*
*ਸੈਲਮਾ ਵਿਖੇ 16 ਮਾਰਚ, 2014*
*ਬੇ-ਏਰੀਆ ਵਿਖੇ 30 ਮਾਰਚ, 2014*
*ਮੁਕੰਮਲ ਜਾਣਕਾਰੀ ਲਈ ਉਪਰੋਕਤ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ। -ਸੰਪਾਦਕ*



## ਅਸਲੀਅਤ ਸਾਹਮਣੇ ਨਹੀਂ ਆ ਰਹੀ ਸਾਕਾ ਨੀਲਾ ਤਾਰਾ ਦੀ

# ਕੌਮੀ ਅਖੰਡਤਾ ਨੂੰ ਖ਼ਤਰੇ ਕਾਰਨ ਕੀਤਾ ਸੀ ਹਮਲਾ?

ਨਵੀਂ ਦਿੱਲੀ- ਸਾਕਾ ਨੀਲਾ ਤਾਰਾ ਨੂੰ ਲੈ ਕੇ ਸਿਆਸਤ ਫਿਰ ਗਰਮ ਹੋ ਗਈ ਹੈ। ਇੰਝ ਜਾਪਦਾ ਹੈ ਕਿ ਲੋਕ ਸਭਾ ਚੋਣਾਂ ਨੇੜੇ ਦੇਖਦਿਆਂ ਸਿਆਸਤਦਾਨਾਂ ਨੇ ਲਾਹਾ ਲੈਣ ਲਈ ਇਕ ਦੂਜੇ 'ਤੇ ਦੂਸ਼ਣਬਾਜ਼ੀ ਸ਼ੁਰੂ ਕਰ ਦਿੱਤੀ ਹੈ, ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਦੌਰਾਨ ਕਿਹੜਾ ਆਗੂ ਕਿਥੇ ਸੀ ਅਤੇ ਕਿਸ ਨਾਲ ਗੱਲਬਾਤ ਕਰ ਰਿਹਾ ਸੀ, ਇਸ ਬਾਰੇ ਮੀਡੀਆ ਵਿੱਚ ਸੁਆਲ ਦਾਗੇ ਜਾ ਰਹੇ ਹਨ।

ਭਾਰਤ ਸਰਕਾਰ ਵੱਲੋਂ 10 ਜੁਲਾਈ 1984 ਵਿੱਚ ਜਾਰੀ ਕੀਤੇ ਗਏ 'ਪੰਜਾਬ ਅੰਦੋਲਨ ਬਾਰੇ ਵ੍ਹਾਈਟ ਪੇਪਰ' ਵਿੱਚ ਕੇਂਦਰ ਸਰਕਾਰ ਨੇ ਆਪਣਾ ਪੱਖ ਦੱਸਦਿਆਂ ਸਾਕਾ ਨੀਲਾ ਤਾਰਾ ਦੇ ਕਾਰਨਾਂ ਬਾਰੇ ਜਾਣਕਾਰੀ ਦਿੱਤੀ ਹੈ। ਵਿਵਾਦਤ ਕਾਰਵਾਈ ਨੂੰ ਸਹੀ ਠਹਿਰਾਉਂਦਿਆਂ ਵ੍ਹਾਈਟ ਪੇਪਰ ਵਿੱਚ ਕਿਹਾ ਗਿਆ ਹੈ, ''ਦਰਬਾਰ ਸਾਹਿਬ ਅੰਦਰ ਮੌਜੂਦ ਧੜਿਆਂ ਦੀਆਂ ਵੱਖਵਾਦੀ ਕਾਰਵਾਈਆਂ ਡਰਾਉਣੀਆਂ ਸਨ। ਸਰਕਾਰ ਨੂੰ ਯਕੀਨ ਹੋ ਗਿਆ ਸੀ ਕਿ ਦੇਸ਼ ਦੀ ਸੁਰੱਖਿਆ, ਏਕਤਾ ਅਤੇ ਅਖੰਡਤਾ ਨੂੰ ਪੈਦਾ ਚੁਣੌਤੀ ਦਾ ਮੁਕਾਬਲਾ ਸੁਧਾਰ, ਅਮਨ ਅਤੇ ਕਾਨੂੰਨ ਦੀਆਂ ਏਜੰਸੀਆਂ ਨਹੀਂ ਕਰ ਸਕਦੀਆਂ। ਅਜਿਹੇ ਹਾਲਾਤ ਨੂੰ ਦੇਖਦਿਆਂ ਫੌਜ ਸੱਦਣ ਦਾ ਫੈਸਲਾ ਲਿਆ ਗਿਆ।''

ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 2 ਜੂਨ, 1984 ਨੂੰ 'ਕੌਮ ਦੇ ਨਾਮ ਪ੍ਰਸਾਰਣ' ਵਿੱਚ ਅਗਲੇ ਦਿਨ ਹੋਣ ਵਾਲੇ ਆਪਰੇਸ਼ਨ ਬਾਰੇ ਕੋਈ ਸੰਕੇਤ ਤੱਕ ਨਹੀਂ ਦਿੱਤੇ ਸਨ। ਪੰਜਾਬ ਅਤੇ ਚੰਡੀਗੜ੍ਹ ਕਰਫਿਊ ਲਗਾ ਦਿੱਤਾ ਗਿਆ ਸੀ ਅਤੇ 3 ਜੂਨ ਨੂੰ ਫੌਜ ਦਰਬਾਰ ਸਾਹਿਬ ਅੰਦਰ ਦਾਖਲ ਹੋਈ ਸੀ। ਸ੍ਰੀਮਤੀ ਇੰਦਰਾ ਗਾਂਧੀ ਨੇ ਸਗੋਂ ਅਕਾਲੀ ਦਲ ਨੂੰ 3 ਜੂਨ ਨੂੰ ਹੋਣ ਵਾਲੇ ਪ੍ਰਦਰਸ਼ਨ ਨੂੰ ਰੱਦ ਕਰਨ ਦੀ ਅਪੀਲ ਕੀਤੀ ਸੀ। 'ਵ੍ਹਾਈਟ ਪੇਪਰ' 'ਚ ਕੇਂਦਰ ਸਰਕਾਰ ਵੱਲੋਂ 1983 ਅਤੇ 1984 ਦੌਰਾਨ ਲੜੀਵਾਰ ਮੀਟਿੰਗਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਸਤੰਬਰ 1981 ਅਤੇ ਨਵੰਬਰ 1981 ਵਿੱਚ ਅਕਾਲੀ ਦਲ ਵੱਲੋਂ ਰੱਖੀਆਂ ਗਈਆਂ ਮੰਗਾਂ 'ਤੇ ਵਿਚਾਰ-ਵਟਾਂਦਰਾ ਸੀ। ਇਸ ਵਿੱਚ ਪੰਜਾਬ ਦੇ ਮੁੱਖ ਆਗੂਆਂ ਪ੍ਰਕਾਸ਼ ਸਿੰਘ ਬਾਦਲ, ਅਮਰਿੰਦਰ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਸਮੇਤ ਹੋਰ ਕਈ ਆਗੂਆਂ ਨਾਲ 9 'ਗੁਪਤ ਮੀਟਿੰਗਾਂ' ਦਾ ਜ਼ਿਕਰ ਵੀ ਹੈ। ਇਹ ਤਿੰਨੋਂ ਆਗੂ ਵੱਖੋ-ਵੱਖਰੇ ਸਮੇਂ 'ਤੇ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਬਲਵੰਤ ਸਿੰਘ ਰਾਮੂਵਾਲੀਆ ਦੇ ਨਾਮ ਵੀ



ਗੱਲਬਾਤ ਵਾਲੀ ਸੂਚੀ ਵਿੱਚ ਸ਼ਾਮਲ ਹਨ। ਸ੍ਰੀ ਟੌਹੜਾ ਹੁਣ ਦੁਨੀਆਂ 'ਤੇ ਨਹੀਂ ਰਹੇ। ਕੇਂਦਰ ਸਰਕਾਰ ਵੱਲੋਂ ਮੀਟਿੰਗਾਂ ਦੌਰਾਨ ਪੀ.ਵੀ. ਨਰਸਿਮਹਾ ਰਾਓ, ਪ੍ਰਣਬ ਮੁਖਰਜੀ, ਆਰ. ਵੈਂਕਟਰਮਨ, ਪੀ.ਸੀ. ਸੇਠੀ ਅਤੇ ਸ਼ਿਵ ਸ਼ੰਕਰ (ਤਤਕਾਲੀ ਕੇਂਦਰੀ ਮੰਤਰੀ), ਰਾਜੀਵ ਗਾਂਧੀ, ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਪੀ. ਸੀ. ਅਲੈਗਜ਼ੈਂਡਰ, ਕੈਬਨਿਟ ਸਕੱਤਰ ਸੀਨੀਅਰ ਕ੍ਰਿਸ਼ਨਾ ਸਵਾਮੀ, ਕੇਂਦਰੀ ਗ੍ਰਹਿ ਸਕੱਤਰ ਐਮ. ਐਮ.ਕੇ. ਵਲੀ, ਟੀ.ਐਨ. ਚਤੁਰਵੇਦੀ ਅਤੇ ਹੋਰ ਹਾਜ਼ਰ ਸਨ। ਆਖਰੀ 'ਗੁਪਤ ਮੀਟਿੰਗ' ਸਾਕਾ ਨੀਲਾ ਤਾਰਾ ਤੋਂ 8 ਦਿਨ ਪਹਿਲਾਂ 26 ਮਈ, 1984 ਨੂੰ ਹੋਈ ਸੀ। 'ਵਾਈਟ ਪੇਪਰ' 'ਚ ਕਿਹਾ ਗਿਆ ਹੈ, ''ਫੌਜ ਸੱਦਣ ਦੇ ਇੱਕ ਹਫਤੇ ਪਹਿਲਾਂ ਤੱਕ ਸਰਕਾਰ ਨੇ ਅਕਾਲੀ ਦਲ ਨਾਲ ਗੱਲਬਾਤ ਰਾਹੀਂ ਸਮਝੌਤੇ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਪਹਿਲਾਂ ਵਾਂਗ ਅੜੇ ਰਹੇ।''

'ਵਾਈਟ ਪੇਪਰ' ਮੁਤਾਬਕ ਅਕਾਲੀਆਂ ਦੀ ਮਜਬੂਰੀ ਵੀ ਸਾਹਮਣੇ ਆ ਗਈ ਸੀ। ''ਪੰਜਾਬ ਵਿੱਚ ਅਕਾਲੀ ਦਲ ਵੱਲੋਂ 1981 'ਚ ਰੱਖੀਆਂ ਮੰਗਾਂ ਦੀ ਸਮੱਸਿਆ ਨਹੀਂ ਸੀ ਪਰ ਵੱਖਵਾਦੀ ਅਤੇ ਦੇਸ਼ ਵਿਰੋਧੀ ਲਹਿਰ ਦੇ ਸਰਗਰਮ ਹੋਣ ਨਾਲ ਮੁਸ਼ਕਲ ਵਧ ਗਈ ਸੀ। ਅਕਾਲੀ ਲੀਡਰਸ਼ਿਪ ਨੇ ਪਹਿਲ ਕੀਤੀ ਅਤੇ ਉਨ੍ਹਾਂ ਅੰਦੋਲਨ ਨੂੰ ਆਪਣੇ ਹੱਥਾਂ 'ਚੋਂ ਨਿਕਲ ਜਾਣ ਦਿੱਤਾ। ਸਰਕਾਰ ਵੱਲੋਂ ਪੇਸ਼ ਕਿਸੇ ਵੀ ਯੋਗ ਹੱਲ ਨੂੰ ਸਵੀਕਾਰ ਕਰਨ 'ਚ ਉਨ੍ਹਾਂ ਦਿਲਚਸਪੀ ਨਹੀਂ ਦਿਖਾਈ।''

ਸ੍ਰੀਮਤੀ ਇੰਦਰਾ ਗਾਂਧੀ ਵੱਲੋਂ 2 ਜੂਨ ਨੂੰ 'ਕੌਮ ਦੇ ਨਾਂ ਪ੍ਰਸਾਰਣ 'ਚ ਉਨ੍ਹਾਂ ਅਕਾਲੀ ਦਲ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਸਰਕਾਰ ਵੱਲੋਂ ਮੰਨਣ ਲਈ ਕਿਹਾ ਸੀ। ਉਨ੍ਹਾਂ ਕਿਹਾ ਸੀ, ''ਮੰਦਭਾਗੀ ਗੱਲ ਹੈ ਕਿ ਅੰਦੋਲਨ ਦੀ ਲੀਡਰਸ਼ਿਪ 'ਤੇ ਖਾੜਕੂਆਂ ਦੇ ਗੁੱਟ ਨੇ ਕਬਜ਼ਾ ਕਰ ਲਿਆ ਹੈ। ਜਿਹੜੇ ਕਤਲ, ਭੰਨ-ਤੋੜ ਅਤੇ ਲੁੱਟ ਦੀਆਂ ਕਾਰਵਾਈਆਂ ਨਾਲ ਸਭ ਕੁਝ ਹਾਸਲ ਕਰਨਾ ਚਾਹੁੰਦੇ ਹਨ। ਸੂਬੇ 'ਚ ਵੱਡੇ ਪੱਧਰ 'ਤੇ ਹਿੰਸਾ ਅਤੇ ਦਹਿਸ਼ਤਵਾਦ ਦਾ ਜ਼ੋਰ ਹੋ ਗਿਆ ਹੈ।''

ਅਕਾਲੀ ਦਲ ਵੱਲੋਂ 1981 'ਚ ਮੰਗਾਂ ਦੇ ਐਲਾਨ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਨੇ ਅਕਾਲੀ ਦਲ ਨਾਲ 16 ਅਕਤੂਬਰ, 1981 ਅਤੇ 5 ਅਪਰੈਲ, 1984 ਵਿਚਕਾਰ ਕਈ ਮੀਟਿੰਗਾਂ ਕੀਤੀਆਂ।

ਇਨ੍ਹਾਂ 'ਚ ਸ੍ਰੀ ਬਾਦਲ, ਬਰਨਾਲਾ ਅਤੇ ਟੌਹੜਾ ਤੋਂ ਇਲਾਵਾ ਹਰਚੰਦ ਸਿੰਘ ਲੌਂਗੋਵਾਲ ਵੀ ਹਾਜ਼ਰ ਸਨ। ਹੋਰਨਾਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਸਮੇਤ 24 ਜਨਵਰੀ, 1983 ਅਤੇ 2 ਫਰਵਰੀ, 1984 ਵਿਚਕਾਰ ਵੀ ਮੀਟਿੰਗਾਂ ਹੋਈਆਂ ਸਨ। 'ਵਾਈਟ ਪੇਪਰ' ਅਕਾਲੀ ਦਲ 'ਤੇ ਦੋਸ਼ ਲਗਾਇਆ ਗਿਆ ਹੈ ਕਿ 6 ਫਰਵਰੀ 1984 'ਚ ਉਹ ਇਨ੍ਹਾਂ ਮੀਟਿੰਗਾਂ ਦਾ ਬਾਈਕਾਟ ਕਰ ਗਏ ਸਨ।

## ਭਾਰਤ ਵਿੱਚ ਘੱਟ ਗਿਣਤੀਆਂ ਉਪਰ ਹਿੰਸਕ ਹਮਲੇ ਵਧੇ

ਵਾਸ਼ਿੰਗਟਨ- ਭਾਰਤ 'ਚ ਘੱਟ ਗਿਣਤੀ ਫਿਰਕਿਆ ਖ਼ਾਸ ਕਰਕੇ ਮੁਸਲਮਾਨਾਂ ਅਤੇ ਇਸਾਈਆਂ ਖ਼ਿਲਾਫ਼ ਪਿਛਲੇ ਇਕ ਸਾਲ ਦੌਰਾਨ ਹਮਲੇ ਵੱਧ ਗਏ ਹਨ ਅਤੇ ਹੁਣ ਚੋਣਾਂ ਨੂੰ ਦੇਖਦਿਆਂ ਇਨ੍ਹਾਂ ਹਮਲਿਆਂ 'ਚ ਹੋਰ ਵਾਧਾ ਹੋ ਸਕਦਾ ਹੈ।

ਅਮਰੀਕੀ ਕਾਂਗਰਸ ਨੂੰ ਇਹ ਜਾਣਕਾਰੀ ਦਿੰਦਿਆ ਅਮਰੀਕੀ ਕੌਮਾਂਤਰੀ ਧਾਰਮਿਕ ਆਜ਼ਾਦੀ ਕਮਿਸ਼ਨ ਦੇ ਕਮਿਸ਼ਨਰ ਈਲੀਅਟ ਅਬਰਾਮਸ ਨੇ



ਦੱਸਿਆ ਕਿ ਭਾਰਤ 'ਚ ਏਕਤਾ 'ਚ ਅਨੇਕਤਾ ਅਤੇ ਧਰਮ ਨਿਰਪੱਖ ਲੋਕਤੰਤਰ ਹੋਣ ਦੇ ਬਾਵਜੂਦ ਉੱਥੇ ਵੱਧ ਫਿਰਕੂ ਹਿੰਸਾ ਹੋਣ ਦੀਆਂ ਰਿਪੋਰਟਾਂ ਮਿਲੀਆਂ ਹਨ। ਅਬਰਾਮਸ ਨੇ ਕਿਹਾ, ''ਗ਼ੈਰ ਸਰਕਾਰੀ ਜਥੇਬੰਦੀਆਂ ਅਤੇ ਮੁਸਲਮਾਨਾਂ, ਇਸਾਈਆਂ ਅਤੇ ਸਿੱਖ ਭਾਈਚਾਰੇ ਦੇ ਧਾਰਮਿਕ ਆਗੂਆਂ ਨੇ ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਲੋਕ ਸਭਾ ਚੋਣਾਂ 'ਚ ਸਿਆਸਤਦਾਨਾਂ ਵੱਲੋਂ ਵੰਡ ਪਾਊ ਭਾਸ਼ਾ ਦੀ ਵਰਤੋਂ ਨਾਲ ਮਾਹੌਲ ਹੋਰ ਵਿਗੜ ਸਕਦਾ ਹੈ।''

ਉਨ੍ਹਾਂ ਕਿਹਾ ਕਿ ਇਸਾਈ ਜਥੇਬੰਦੀਆਂ ਅਤੇ ਆਗੂਆਂ ਨੇ ਦੱਸਿਆ ਹੈ ਕਿ ਇਸਾਈਆਂ ਨੂੰ ਧਰਮ ਪਰਿਵਰਤਨ ਵਿਰੋਧੀ ਕਾਨੂੰਨੀ ਵਾਲੇ ਸੂਬਿਆਂ 'ਚ ਸਭ ਤੋਂ ਵੱਧ ਪ੍ਰੇਸ਼ਾਨੀ ਅਤੇ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤ 'ਚ ਧਰਮ ਨਾਲ ਸਬੰਧਤ ਅਪਰਾਧਾਂ ਦੀ ਜਾਂਚ ਅਤੇ ਸਜ਼ਾ ਦਾ ਰਿਕਾਰਡ ਵੀ ਮਿਲਿਆ-ਜੁਲਿਆ ਹੈ। ਕਾਂਗਰਸ ਕਮੇਟੀ ਸਾਹਮਣੇ ਬਿਆਨ ਦੇਣ ਪਹੁੰਚੀ ਆਜ਼ਾਦੀ ਬਹਾਲੀ ਗੱਠਜੋੜ ਦੀ ਤਹਿਮੀਨਾ ਅਰੋੜਾ ਨੇ ਦੋਸ਼ ਲਾਇਆ ਕਿ ਜਿਨ੍ਹਾਂ ਸੂਬਿਆਂ 'ਚ ਭਾਜਪਾ ਦੀਆਂ ਸਰਕਾਰਾਂ ਹਨ ਜਾਂ ਉਨ੍ਹਾਂ ਨਾਲ ਜੁੜੇ ਧੜੇ ਸਰਗਰਮ ਹਨ, ਉਨ੍ਹਾਂ 'ਚ ਘੱਟ ਗਿਣਤੀਆਂ 'ਤੇ ਹਮਲੇ ਸਭ ਤੋਂ ਵੱਧ ਹੋਏ ਹਨ।

ਦਿੱਲੀ ਤੋਂ ਉਚੇਚੇ ਤੌਰ 'ਤੇ ਪਹੁੰਚੀ ਤਹਿਮੀਨਾ ਨੇ ਕਿਹਾ,''ਹਿੰਦੂਤਵਾ ਵਿਚਾਰਧਾਰਾ ਨਾਲ ਸਬੰਧਤ ਲੋਕਾ ਵੱਲੋਂ ਹਿੰਸਾ ਭੜਕਾਈ ਜਾਂਦੀ ਹੈ। ਇਹ ਲੋਕ ਭਾਰਤ ਨੂੰ ਹਿੰਦੂ ਰਾਸ਼ਟਰ ਵਜੋਂ ਦੇਖਦੇ ਹਨ, ਜਿੱਥੇ ਧਾਰਮਿਕ ਘੱਟ ਗਿਣਤੀਆਂ ਦੂਜੇ ਦਰਜੇ ਦੀਆਂ ਨਾਗਰਿਕ ਹਨ।'' ਉਨ੍ਹਾਂ ਕਿਹਾ ਕਿ ਰਿਪੋਰਟਾਂ ਮੁਤਾਬਕ ਇਸਾਈਆਂ 'ਤੇ ਪਿਛਲੇ ਕੁਝ ਸਾਲਾਂ ਦੌਰਾਨ ਔਸਤਨ 150 ਹਿੰਸਕ ਹਮਲੇ ਹੋਏ ਹਨ। ਜਿਨ੍ਹਾਂ 'ਚ ਸਰੀਰਕ ਛੇੜਖਾਨੀ, ਜਬਰ-ਜਨਾਹ, ਕਤਲ, ਧਾਰਮਿਕ ਅਸਥਾਨਾਂ ਅਤੇ ਕਬਰਾਂ ਦੀ ਬੇਕਦਰੀ ਸ਼ਾਮਲ ਹੈ।




ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਹੋਣ ਜਾ ਰਹੀਆਂ ਚੋਣਾਂ ਸਬੰਧੀ ਜਾਣਕਾਰੀ ਲਈ "ਦੇਸ਼ ਦੁਆਬਾ" ਦੇ ਇਸ ਅੰਕ ਦਾ ਸਫਾ 28 ਵੇਖੋ

## ਪ੍ਰੈਸ ਦੀ ਆਜ਼ਾਦੀ ਪੱਖੋਂ ਭਾਰਤ 140ਵੇਂ ਨੰਬਰ 'ਤੇ

ਵਾਸ਼ਿੰਗਟਨ- 2014 ਦੇ ਆਲਮੀ ਪਰੈਸ ਦੀ ਆਜ਼ਾਦੀ ਦੇ ਸੂਚਕ ਅੰਕ ਵਿੱਚ ਭਾਰਤ 180 ਦੇਸ਼ਾਂ 'ਚੋਂ 140ਵੇਂ ਸਥਾਨ 'ਤੇ ਆਉਂਦਾ ਹੈ ਜਦਕਿ ਪਾਕਿਸਤਾਨ 158ਵੇਂ ਅਤੇ ਚੀਨ 175ਵੇਂ ਸਥਾਨ 'ਤੇ ਹੈ। 'ਰਿਪੋਰਟਜ਼ ਵਿਦਾਊਟ ਬਾਰਡਰ' ਵੱਲੋਂ ਜਾਰੀ ਕੀਤੀ ਗਈ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਗਿਆ, "ਭਾਰਤ ਵਿੱਚ 2013 ਦੌਰਾਨ ਅੱਠ ਪੱਤਰਕਾਰ ਕਤਲ ਕਰ ਦਿੱਤੇ ਗਏ ਅਤੇ ਪੱਤਰਕਾਰਾਂ ਖਿਲਾਫ ਹਿੰਸਾ ਦੀ ਜ਼ਬਰਦਸਤ ਲਹਿਰ ਦੇਖਣ ਨੂੰ ਮਿਲੀ। ਉਨ੍ਹਾਂ ਨੂੰ ਰਾਜਕੀ ਅਤੇ ਗੈਰ-ਰਾਜਕੀ ਅਨਸਰਾਂ ਦੋਵਾਂ ਵੱਲੋਂ ਨਿਸ਼ਾਨਾ ਬਣਾਇਆ ਜਾਂਦਾ ਹੈ।'' ਸ਼ਾਇਦ ਹੀ ਕੋਈ ਖਿੱਤਾ ਇਸ ਤੋਂ ਅਛੂਤਾ ਹੋਵੇਗਾ ਪਰ ਕਸ਼ਮੀਰ ਅਤੇ ਛੱਤੀਸਗੜ੍ਹ ਵਿੱਚ ਪੱਤਰਕਾਰਾਂ ਖਿਲਾਫ ਹਿੰਸਾ ਅਤੇ ਸੈਂਸਰਸ਼ਿਪ ਮਿਆਦੀ ਰੋਗ ਬਣੇ ਹੋਏ ਹਨ।'' ਰਿਪੋਰਟ ਵਿੱਚ ਕਿਹਾ ਗਿਆ, ''ਪੱਤਰਕਾਰਾਂ ਖਿਲਾਫ ਧਮਕੀਆਂ ਅਤੇ ਸਰੀਰਕ ਹਿੰਸਾ ਲਈ ਕਸੂਰਵਾਰ ਧਿਰਾਂ ਵਿੱਚ ਪੁਲੀਸ ਸੁਰੱਖਿਆ ਦਸਤਿਆਂ ਤੋਂ ਇਲਾਵਾ ਅਪਰਾਧੀ ਗਰੁੱਪ, ਪ੍ਰਦਰਸ਼ਨਕਾਰੀ ਅਤੇ ਸਿਆਸੀ ਪਾਰਟੀਆਂ ਦੇ ਹਮਾਇਤੀ ਸ਼ਾਮਲ ਹੁੰਦੇ ਹਨ ਅਤੇ ਅਕਸਰ ਨਿਆਂਇਕ ਪ੍ਰਣਾਲੀ ਵੱਲੋਂ ਪੱਤਰਕਾਰਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਜਾਂਦਾ ਹੈ।'' ਪ੍ਰੈਸ ਦੀ ਆਜਾਦੀ ਪੱਖੋਂ ਫਿਨਲੈਂਡ ਅੱਵਲ ਨੰਬਰ ਦੇਸ਼ ਬਣ ਕੇ ਉਭਰਿਆ ਜਿਸ ਤੋਂ ਬਾਅਦ ਨੈਦਰਲੈਂਡ ਅਤੇ ਨਾਰਵੇ ਦਾ ਨੰਬਰ ਆਉਂਦਾ ਹੈ। ਅਮਰੀਕਾ ਦਰਜਾਬੰਦੀ ਵਿੱਚ ਪਿਛਲੇ ਸਾਲ 32ਵੇਂ ਨੰਬਰ ਤੋਂ ਇਸ ਸਾਲ ਖਿਸਕ ਕੇ 46ਵੇਂ ਸਥਾਨ 'ਤੇ ਚਲੇ ਗਿਆ ਹੈ।

ਚੀਨ 175ਵੇਂ ਅਤੇ ਪਾਕਿਸਤਾਨ 158ਵੇਂ ਸਥਾਨ 'ਤੇ ਹੈ। ਪਾਕਿਸਤਾਨ ਪੱਤਰਕਾਰਾਂ ਲਈ ਦੁਨੀਆਂ ਭਰ 'ਚੋਂ ਸਭ ਤੋਂ ਖਤਰਨਾਕ ਥਾਵਾਂ 'ਚ ਸ਼ੁਮਾਰ ਕੀਤਾ ਜਾਂਦਾ ਹੈ ਜਿਥੇ ਪੱਤਰਕਾਰਾਂ ਲਈ ਹਥਿਆਰਬੰਦ ਗਰੁੱਪ, ਦੇਸ਼ ਦੀਆਂ ਖੁਫੀਆ ਏਜੰਸੀਆਂ ਖਾਸ ਕਰਕੇ ਆਈਐਸਆਈ ਪੱਤਰਕਾਰਾਂ ਲਈ ਖਤਰਾ ਹਨ।'' ਪਾਕਿਸਤਾਨ ਵਿੱਚ ਨਿਆਂ ਦੇਣ ਵਿੱਚ ਦਿਲਚਸਪੀ ਦੀ ਕਮੀ ਹੈ ਅਤੇ ਸਰਕਾਰ ਨਾ ਕੇਵਲ ਤਾਲਿਬਾਨ, ਜਹਾਦੀਆਂ ਅਤੇ ਹੋਰ ਹਥਿਆਰਬੰਦ ਗਰੁੱਪਾਂ ਸਾਹਮਣੇ ਸਗੋਂ ਫੌਜੀ ਤੰਤਰ ਸਾਹਮਣੇ ਵੀ ਨਿਤਾਣੀ ਬਣੀ ਹੋਈ ਹੈ। ਕੌਮਾਂਤਰੀ ਸਮੀਖਿਅਕਾਂ ਵੱਲੋਂ ਇਸ ਫੌਜੀ ਤੰਤਰ ਨੂੰ 'ਰਾਜ ਅੰਦਰ ਹੀ ਰਾਜ' ਦੀ ਸੰਗਿਆ ਦਿੱਤੀ ਜਾਂਦੀ ਹੈ।''




MAJESTIC HOMES

RAMESH SUMAN
Broker Realtor
RCS-D TM

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

SAROAY INVESTMENT REALTY



Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

ੴ ਸਤਿਗੁਰ ਪ੍ਰਸਾਦਿ ॥

ੴ ਸੋਹੰ

ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹੁ ਨਹੀ ਤਿਹਿ ਠਾਉ।



# ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ

# ਪ੍ਰਕਾਸ਼ ਪੁਰਬ

## ਸਬੰਧੀ ਵਿਸ਼ੇਸ਼ ਸਮਾਗਮ

**ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ**
**61-01 Broadway, Woodside NY 11377**

## ਵਿਖੇ 11 ਫਰਵਰੀ ਤੋਂ 23 ਫਰਵਰੀ 2014 ਤੱਕ

**ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪਵਿੱਤਰ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਮੁਬਾਰਕਾਂ ਹੋਵਣ**

ਰੱਬੀ ਰਾਹ ਨੂੰ ਭੁਲਕੇ ਜਦੋਂ ਮਨੁੱਖਤਾ ਕੁਰਾਹੇ ਪੈ ਜਾਂਦੀ ਹੈ ਨਿਤ ਦਿਹਾੜੇ ਭੁੱਲੀ ਭਟਕਦੀ ਠੋਕਰਾਂ ਖਾਂਦੀ ਹੈ। ਫਿਰ ਰੱਬ ਦੀ ਬਖਸ਼ਸ਼ ਵਿੱਚੋਂ ਗੁਰੂ ਜੋਤ ਸੰਸਾਰ ਅੰਦਰ ਇਨਸਾਨੀ ਜਾਮੇ ਵਿੱਚ ਪ੍ਰਗਟ ਹੁੰਦੀ ਹੈ ਜੋ 14ਵੀਂ ਸਦੀ ਵਿੱਚ ਬਨਾਰਸ ਦੀ ਧਰਤੀ ਉੱਤੇ ਸਤਿਕਾਰਯੋਗ ਪਿਤਾ ਸੰਤੋਖ ਦਾਸ ਦੇ ਘਰ ਸਤਿਕਾਰਯੋਗ ਮਾਤਾ ਕਲਸਾ ਜੀ ਦੀ ਕੁੱਖ ਤੋਂ ਪ੍ਰਗਟ ਹੋਈ। ਜਿਸ ਨੂੰ ਅੱਜ ਸਮੁੱਚਾ ਸੰਸਾਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਯਾਦ ਕਰਦਾ ਨਮਸਕਾਰ ਕਰਦਾ ਹੈ। ਇਹ ਭਟਕਦੀ ਲੋਕਾਈ ਕਿਵੇਂ ਰੱਬ ਦੇ ਦਰ ਉੱਤੇ ਪਰਵਾਨ ਹੋਵੇ ਉਸ ਲਈ ਸਤਿਗੁਰਾਂ ਨੇ ਇਲਾਹੀ ਬੋਲ ਇਸ ਸੰਸਾਰ ਦੀ ਝੋਲੀ ਵਿੱਚ ਪਾਏ। ਜਿਹੜੇ ਅੱਜ ਧੰਨ ਗੁਰੂ ਗ੍ਰੰਥ ਸਾਹਿਬ ਅੰਦਰ 16 ਰਾਗਾਂ ਵਿੱਚ 40 ਸ਼ਬਦ ਦਰਜ ਹਨ। ਮਨੁੱਖਤਾ ਉੱਤੇ ਮਹਾ ਪਰਉਪਕਾਰ ਕਰਨ ਵਾਲੇ ਮਹਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪਵਿੱਤਰ ਪ੍ਰਕਾਸ਼ ਪੁਰਬ 14 ਫਰਵਰੀ 2014 ਨੂੰ ਆ ਰਿਹਾ ਹੈ। ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਆਪ ਸਮੁੱਚੀਆਂ ਸੰਗਤਾਂ ਦੇ ਤਨ-ਮਨ-ਧਨ ਦੇ ਸਹਿਯੋਗ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਚੜਦੀਕਲਾ ਵਿੱਚ ਮਨਾ ਰਹੀ ਹੈ।




ਗੁਰੂ ਪਿਆਰੀ ਸਾਧ-ਸੰਗਤ ਜੀਓ,
ਆਪ ਜੀ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਗੁਰੂ ਘਰ ਦੇ ਪਿਛਲੇ ਸਮੇਂ ਤੋਂ ਰੁਕੇ ਉਸਾਰੀ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਣ ਲਈ ਬਿਲਡਿੰਗ ਡਿਪਾਰਮੈਂਟ ਵਲੋਂ ਗੁਰੂ ਘਰ ਉੱਤੇ ਲੱਗੀਆਂ ਪਹਿਲੀਆਂ ਵਾਇਲੇਸ਼ਨ ਕਰਕੇ ਪਰਮਿੰਟ ਰੋਕੇ ਸਨ ਉਹ ਹੁਣ ਆਪ ਦੀਆਂ ਦੁਆਵਾਂ ਅਤੇ ਸਤਿਗੁਰੂ ਦੀ ਕ੍ਰਿਪਾ ਨਾਲ ਦੁਆਰਾ ਮਿਲ ਗਏ ਹਨ। ਆਓ ਸਾਰੇ ਰਲਕੇ ਹੁਣ ਇਹ ਰੁਕੇ ਉਸਾਰੀ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਣ ਲਈ ਆਪਣੇ ਤਨ-ਮਨ-ਧੰਨ ਦੇ ਸਹਿਯੋਗ ਨਾਲ ਅੰਤਮ ਛੋਹਾਂ ਵੱਲ ਵਧਾਈਏ। ਸੋ ਆਪਣੀਆਂ ਸੱਚੀਆਂ-ਸੁੱਚੀਆਂ ਕਿਰਤ ਕਮਾਈਆਂ ਵਿੱਚੋਂ ਦਸਵੰਧ ਕੱਢ ਕੇ ਆਓ ਗੁਰੂ ਘਰ ਦੀ ਇਮਾਰਤ ਦੇ ਖ਼ੂਬਸੂਰਤ ਸੁਪਨੇ ਨੂੰ ਸਾਕਾਰ ਕਰਕੇ ਆਉਣ ਵਾਲੀ ਪੀੜ੍ਹੀ ਲਈ ਵਿਰਾਸਤ ਵਾਂਗ ਕਾਇਮ ਕਰੀਏ।

**ਸਮਾਂ**

11 ਫਰਵਰੀ ਤੋਂ 23 ਫਰਵਰੀ ਤੱਕ ਸ਼ਾਮ ਦੇ ਦੀਵਾਨ 7 ਤੋਂ 9 ਵਜੇ ਤੱਕ ਹੋਣਗੇ
13 ਫਰਵਰੀ ਦਿਨ ਵੀਰਵਾਰ ਨੂੰ ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ।
ਪੂਰੇ 12 ਵਜੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਧੰਨ-ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।
16 ਫਰਵਰੀ ਦਿਨ ਐਤਵਾਰ ਦਾ ਦੀਵਾਨ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ
23 ਫਰਵਰੀ ਦਿਨ ਐਤਵਾਰ ਦਾ ਦੀਵਾਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਪਹੁੰਚ ਰਹੇ ਕੀਰਤਨੀ ਜਥੇ ਅਤੇ ਕਥਾ ਵਾਚਕ**

- **ਭਾਈ ਅਮਰੀਕ ਸਿੰਘ ਜੀ,** (ਕਥਾ ਵਾਚਕ) ਚੰਡੀਗੜ੍ਹ ਵਾਲੇ
- **ਭਾਈ ਜਸਵੀਰ ਸਿੰਘ ਜੀ,** ਸ਼੍ਰੀ ਅੰਮ੍ਰਿਤਸਰ ਵਾਲੇ
- **ਭਾਈ ਅਮਰੀਕ ਸਿੰਘ ਜੀ,** ਗੁਰਦਾਸਪੁਰ ਵਾਲੇ
- **ਭਾਈ ਪਿਆਰਾ ਸਿੰਘ ਜੀ,** ਮਿੱਠਾ ਟਿਵਾਣੇ ਵਾਲੇ
- **ਭਾਈ ਖੇਮ ਸਿੰਘ ਪ੍ਰੇਮੀ ਜੀ,** ਪਟਿਆਲੇ ਵਾਲੇ
- **ਬੀਬੀ ਕੁਲਦੀਪ ਕੌਰ ਪਾਰਸ ਜੀ,** ਜਲੰਧਰ ਵਾਲੇ



**ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ**

ਗੁਰੂ ਪਿਆਰੀ ਸਾਧ ਸੰਗਤ ਜੀਓ,
2001 ਵਿੱਚ ਸ਼ੁਰੂ ਕੀਤੇ ਗਏ 11 ਅਖੰਡ ਪਾਠਾਂ ਦੀ ਲੜੀ ਨੂੰ ਅਗਾਂਹ ਤੋਰਦੇ ਹੋਏ ਇਸ ਵਾਰ ਵੀ ਗੁਰੂ ਘਰ ਵਿਖੇ 11 ਫਰਵਰੀ ਤੋਂ 11 ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋ ਕੇ 23 ਫਰਵਰੀ ਨੂੰ ਸਮਾਪਤ ਹੋਵੇਗੀ। 13 ਫਰਵਰੀ ਦਿਨ ਵੀਰਵਾਰ ਨੂੰ ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ। ਪੂਰੇ 12 ਵਜੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਧੰਨ-ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।23 ਫਰਵਰੀ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 10 ਵਜੇ ਹੋਵੇਗੀ। 11 ਫਰਵਰੀ ਤੋਂ 23 ਫਰਵਰੀ ਤੱਕ ਚੱਲਣ ਵਾਲੇ ਸਾਰੇ ਦੀਵਾਨਾਂ ਨੂੰ ਵਿਸ਼ੇਸ਼ ਰੰਗਤ ਦਿੱਤੀ ਗਈ ਹੈ ਜਿਸ ਵਿੱਚ ਪ੍ਰਭਾਤਫੇਰੀਆਂ ਕਵੀ ਦਰਬਾਰ ਹੋਵੇਗਾ, ਗੁਰੂ ਮਹਾਰਾਜ ਜੀ ਦੀ ਰਾਗਾਂ 'ਚ ਉਚਾਰੀ ਬਾਣੀ ਦੇ ਅਧਾਰ ਤੇ ਰਾਗ ਦਰਬਾਰ, ਕਥਾ ਦਰਬਾਰ ਤੇ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠਾਂ ਦੇ ਭੋਗ ਪੈਣ ਉਪਰੰਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਵਿੱਚ 5 ਵਜੇ ਤੱਕ ਭਾਰੀ ਦੀਵਾਨ ਸੱਜਣਗੇ।

**ਗੁਰੂ ਘਰ ਦੇ ਇਨ੍ਹਾਂ ਮਹਾਨ ਦੀਵਾਨਾਂ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਰਾਹੀ ਦੇਸ਼ ਵਿਦੇਸ਼ ਵਿੱਚ ਬੈਠੀਆਂ ਸੰਗਤਾਂ ਤੱਕ ਵੀ ਪਹੁੰਚਾਇਆ ਜਾਵੇਗਾ।**
**ਬਲਦੇਵ ਝੱਲੀ BBC PUNJAB ਰੇਡੀਓ ਇਟਲੀ ਵਲੋਂ ਸਾਰੇ ਪ੍ਰੋਗਰਾਮਾਂ ਦੇ ਸਿੱਧੇ ਪ੍ਰਸਾਰਨ ਕੀਤੇ ਜਾਣਗੇ।**

**ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕੇ ਲੰਗਰ ਅਟੁੱਟ ਵਰਤਣਗੇ।**

**ਨਿਸ਼ਾਨ ਸਾਹਿਬ ਦੀ ਸੇਵਾ**
23 ਫਰਵਰੀ 2014 ਦਿਨ ਸ਼ੁੱਕਰਵਾਰ

## ਦੂਸਰਾ ਮਹਾਨ ਨਗਰ ਕੀਰਤਨ

ਗੁਰੂ ਘਰ ਵਲੋਂ 5 ਜੁਲਾਈ ਨੂੰ ਕੱਢਿਆ ਜਾਵੇਗਾ।

**ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ, ਸਮੂਹ ਟਰੱਸਟ ਕਮੇਟੀ**

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ 718-898-8150 ਫੈਕਸ : 718-898-0932**

ਮੁੱਖ ਸੇਵਾਦਾਰ : ਸ. ਨਿਰਮਲ ਸਿੰਘ 347-538-8296, ਚੇਅਰਮੈਨ : ਨੰਦ ਲਾਲ 646-441-1520, ਕੈਸ਼ੀਅਰ : ਭੋਲਾ ਕਲੇਰ 917-405-1168,
ਜਨਰਲ ਸਕੱਤਰ : ਪਰਮਜੀਤ ਲਾਲ 917-854-8628, ਸਕੱਤਰ : ਚਰਨਜੀਤ ਸਿੰਘ ਝੱਲੀ 646-201-0197

Aur Printers, Karyam (Nsr.) Cell. 098726-55071

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) ਅਤੇ ਸਮੂਹ ਰੱਲ੍ਹ ਪਰਿਵਾਰ ਵੱਲੋਂ ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੋਕਾਈ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ ਸੱਚਖੰਡ ਕਾਂਸ਼ੀ (ਬਨਾਰਸ) ਉਤਰ ਪ੍ਰਦੇਸ਼

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 23, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) ਅਤੇ ਉਹਨਾਂ ਦੀ ਧਰਮ ਪਤਨੀ

## ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)

**530-713-1823**


ਅਤੇ

## ਸਮੂਹ ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।। ਕਨਕ ਕਟਿਕ ਜਲ ਤਰੰਗ ਜੈਸਾ।।
ਸਾਧਨ ਮੇਂ ਰਵਿਦਾਸ ਸੰਤ ਹੈ ਸੁਪਚ ਰਿਸ਼ੀ ਸੋ ਮਾਨਿਆ।। ਹਿੰਦੂ ਤੁਰਕ ਦੁਈ ਦੀਨ ਬਨੇ ਹੈ ਕਛੂ ਨਹੀਂ ਪਹਿਚਾਨਿਆ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਫਰਵਰੀ 23 ਨੂੰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ


ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ


ਸ੍ਰੀ ਗੁਰੂ ਰਵਿਦਾਸ ਜੀ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 23, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ 21 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ**
**22 ਫਰਵਰੀ ਨੂੰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ**
**ਭੋਗ ਸ੍ਰੀ ਅਖੰਡ ਪਾਠ ਸਾਹਿਬ 23 ਫਰਵਰੀ ਐਤਵਾਰ, ਸਵੇਰੇ 9.30 ਵਜੇ**

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

**21 ਤੇ 22 ਫਰਵਰੀ ਨੂੰ ਸ਼ਾਮੀ 5-30 ਵਜੇ ਆਰਤੀ ਹੋਵੇਗੀ**

**ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ**

ਜਿਵੇਂ ਕਿ ਸਮੂਹ ਸਾਧ ਸੰਗਤ ਜਾਣਦੀ ਹੀ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 14 ਫਰਵਰੀ ਨੂੰ ਹੈ। ਇਸ ਸੁਭ ਦਿਹਾੜੇ ਦੇ ਸਬੰਧ ਵਿਚ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਵੱਲੋਂ 14 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ। ਇਸ ਮੌਕੇ ਸ਼ੁਕਰਵਾਰ ਤੇ ਸ਼ਨਿਚਰਵਾਰ ਸ਼ਾਮੀ 6 ਤੋਂ 9 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਭਾਈ ਗੁਰਨਾਮ ਸਿੰਘ ਭੰਡਾਲ ਅਤੇ ਹੈਡ ਭਾਈ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਸਮੂਹ ਪਰਿਵਾਰ ਵੱਲੋਂ ਕੀਤੀ ਜਾ ਰਹੀ ਹੈ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 16 ਫਰਵਰੀ,ਦਿਨ ਐਤਵਾਰ ਨੂੰ ਪੈਣਗੇ। ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਦਿਹਾੜੇ ਤੇ ਹਾਜਰੀਆਂ ਲੁਆ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

**ਭਾਈ ਕੁਲਵਿੰਦਰ ਸਿੰਘ (ਹੈਡ ਗ੍ਰੰਥੀ)**
ਗੁਰੂ ਘਰ ਦਾ ਫੋਨ ਨੰਬਰ **530-674-2564**

**ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)**
**530-713-1823**

## ਸਮੂਹ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ

## 1480 Hayne Ave, Yuba City CA 95993




## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ) ਦੀ ਨਵੀਂ ਬਣੀ ਬਿਲਡਿੰਗ ਦੀ ਅੰਦਰਲੀ ਝਲਕ



**ਅਵਤਾਰ ਸਿੰਘ ਬੈਂਸ (ਸਾਬਕਾ ਖਜਾਨਚੀ) ਅਤੇ ਦੇਬੋ ਬੈਂਸ (ਚੇਅਰਪਰਸਨ, ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੀਫੋਰਨੀਆ) ਅਤੇ ਸਮੂਹ ਬੈਂਸ ਪਰਿਵਾਰ ਡੋਰੀਨ ਬੈਂਸ (ਲੜਕੀ), ਡੇਵ ਬੈਂਸ ਤੇ ਡੈਨੀ ਬੈਂਸ (ਦੋਵੇਂ ਸਪੁੱਤਰ) ਵੱਲੋਂ ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੋਕਾਈ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੁੱਚੀ ਲੋਕਾਈ ਨੂੰ ਲੱਖ ਲੱਖ ਵਧਾਈਆਂ**

### ਅਵਤਾਰ ਸਿੰਘ ਬੈਂਸ

(ਸਾਬਕਾ ਖਜਾਨਚੀ)

### ਦੇਬੋ ਬੈਂਸ

(ਚੇਅਰਪਰਸਨ)

*ਪਰਮ ਸਤਿਕਾਰਯੋਗ ਸਾਧ ਸੰਗਤ ਜੀਓ!*

*ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਕੈਲੀਫੋਰਨੀਆ) ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼  ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 16, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*



ਅਵਤਾਰ ਸਿੰਘ ਬੈਂਸ ਤੇ ਦੇਬੋ ਬੈਂਸ (ਚੇਅਰਪਰਸਨ)

# ਆਰਥਿਕ ਅਧਾਰ ਤੇ ਰਿਜ਼ਰਵੇਸ਼ਨ ਦੀ ਗੱਲ

ਹੁਣ ਕਾਂਗਰਸ ਦੇ ਇੱਕ ਸੀਨੀਅਰ ਨੇਤਾ ਸ਼੍ਰੀ ਜਨਾਰਦਨ ਰੈਡੀ ਨੇ ਵੀ ਮੰਗ ਕੀਤੀ ਹੈ ਕਿ ਰਿਜ਼ਰਵੇਸ਼ਨ ਆਰਥਿਕਤਾ ਦੇ ਅਧਾਰ ਤੇ ਦਿਤੀ ਜਾਵੇ। ਭਾਰਤੀਆ ਜਨਤਾ ਪਾਰਟੀ ਕਈ ਸਾਲਾਂ ਤੋਂ ਇਹ ਮੰਗ ਕਰਦੀ ਆ ਰਹੀ ਹੈ। ਭਾਰਤੀਆ ਜਨਤਾ ਪਾਰਟੀ ਵਲੋਂ ਇਹ ਮੰਗ ਕੀਤੇ ਜਾਣਾ ਕੁਦਰਤੀ ਹੈ ਕਿਉਂਕਿ ਉਹ ਧਾਰਮਿਕ ਘਟਗਿਣਤੀਆਂ ਅਤੇ ਦਲਿਤਾਂ ਦੇ ਹੱਕਾਂ ਦੀ ਕੀਮਤ ਤੇ ਇੱਕ ਧਾਰਮਿਕ ਗੱਰੁਪ ਦੇ ਹਿਤਾਂ ਦੀ ਵਕਾਲਤ ਕਰਨ ਵਾਲੀ ਪਾਰਟੀ ਹੈ ਪਰ ਇੱਕ ਸੀਨੀਅਰ ਕਾਂਗਰਸੀ ਨੇਤਾ ਵਲੋਂ ਇਹ ਮੰਗ ਕਰਨੀ ਬਹੁਤ ਹੀ ਹੈਰਾਨੀਜਨਕ ਗੱਲ ਹੈ।

ਲਗਦਾ ਹੈ ਕਿ ਭਾਰਤੀਆ ਜਨਤਾ ਪਾਰਟੀ ਦੀ ਇਸ ਮੰਗ ਦਾ ਘੇਰਾ ਵਧ ਰਿਹਾ ਹੈ ਜੋ ਕਿ ਬਹੁਤ ਹੀ ਚਿੰਤਾ ਵਾਲੀ ਗੱਲ ਹੈ। ਹਕੀਕਤ ਇਹ ਹੈ ਕਿ ਭਾਰਤੀਆ ਜਨਤਾ ਪਾਰਟੀ ਹਮੇਸ਼ਾ ਉਲਟੇ ਸਿੱਧੇ ਢੰਗਾਂ ਨਾਲ ਦੇਸ਼ ਦੀਆਂ ਧਾਰਮਿਕ ਘਟਗਿਣਤੀਆਂ ਤੇ ਦਲਿਤਾਂ ਦੇ ਹਿਤਾਂ ਦਾ ਵਿਰੋਧ ਕਰਦੀ ਰਹਿੰਦੀ ਹੈ ਅਤੇ ਉਹ ਆਪਣੀ ਗੱਲ ਇਸ ਕਲਾਮਈ ਢੰਗ ਨਾਲ ਕਰਦੀ ਹੈ ਕਿ ਵੱਡੇ ਵੱਡੇ ਚੱਕਰ ਖਾ ਜਾਂਦੇ ਹਨ ਜਿਵੇਂ ਕਿ ਜਨਾਰਦਨ ਰੈਡੀ ਦੀ ਗੱਲ ਤੋਂ ਸਪਸ਼ਟ ਹੈ। ਕਈ ਮੁਸਲਮਾਨ, ਈਸਾਈ ਤੇ ਦਲਿਤ ਵੀ ਅੱਜ ਭਾਰਤੀਆ ਜਨਤਾ ਪਾਰਟੀ ਵਿੱਚ ਸ਼ਾਮਲ ਹਨ ਜੋ ਕਿ ਭਾਰਤੀਆ ਜਨਤਾ ਪਾਰਟੀ ਦੀ ਫਿਲਾਸਫੀ ਨੂੰ ਸਮਝਣ ਵਿੱਚ ਜਾਂ ਤਾਂ ਫੇਲ ਹੋਏ ਹਨ ਜਾਂ ਫਿਰ ਮਾੜੀ ਮੋਟੀ ਕੁਰਸੀ ਦੇ ਲਾਲਚ ਕਾਰਣ ਉਹ ਆਪੋ ਆਪਣੇ ਵਰਗਾਂ ਦੇ ਹਿਤਾਂ ਦੀ ਕੁਰਬਾਨੀ ਦੇ ਰਹੇ ਹਨ। ਭਾਰਤੀਆ ਜਨਤਾ ਪਾਰਟੀ ਦੀ ਇਹ ਮੰਗ ਦੇਖਣ ਨੂੰ ਬਹੁਤ ਤਰਕਸੰਗਤ ਲਗਦੀ ਹੈ ਪਰ ਜੇਕਰ ਇਸਦਾ ਪੋਸਟ ਮਾਰਟਮ ਕੀਤਾ ਜਾਵੇ ਤਾਂ ਇਸ ਮੰਗ ਦਾ ਬਹੁਤ ਖਤਰਨਾਕ ਰੂਪ ਸਾਮ੍ਹਣੇ ਆ ਜਾਵੇਗਾ। ਹਕੀਕਤ ਇਹ ਹੈ ਕਿ ਰਿਜ਼ਰਵੇਸ਼ਨ ਦਾ ਹੱਕ ਪ੍ਰਾਪਤ ਦਲਿਤਾਂ ਨਾਲ ਜੋ ਵਿਤਕਰਾ ਹੋਇਆ ਹੈ ਉਹ ਆਰਥਿਕਤਾ ਦੇ ਅਧਾਰ ਤੇ ਨਹੀਂ ਹੋਇਆ, ਜਾਤੀ ਦੇ ਅਧਾਰ ਤੇ ਹੋਇਆ ਹੈ। ਇਸ ਕਰਕੇ ਉਨ੍ਹਾਂ ਨਾਲ ਹੋਏ ਵਿਤਕਰੇ ਦੀ ਭਰਪਾਈ ਜਾਤੀ ਤੇ ਅਧਾਰਿਤ ਰਿਜ਼ਰਵੇਸ਼ਨ ਨਾਲ ਹੀ ਹੋ ਸਕਦੀ ਹੈ- ਆਰਥਿਕਤਾ ਦੇ ਅਧਾਰ ਤੇ ਨਹੀਂ। ਇਸ ਦੇਸ਼ ਦਾ ਇਤਿਹਾਸ ਸਭ ਦੇ ਸਾਮ੍ਹਣੇ ਹੈ। ਆਰੀਆਂ ਨੇ ਇਸ ਦੇਸ਼ ਵਿੱਚ ਜਾਤੀ ਤੇ ਅਧਾਰਿਤ ਲੋਕਾਂ ਦੀ ਆਰਥਿਕਤਾ ਤਹਿ ਕੀਤੀ ਸੀ। ਉਸ ਸਮੇਂ ਤਿੰਨ ਵਰਗਾਂ ਨੂੰ ਰਿਜ਼ਰਵੇਸ਼ਨ ਦਿੱਤੀ ਗਈ। (1) ਬ੍ਰਾਹਮਣ ਪੜਨ ਪੜਾਉਣ ਤੇ ਪੂਜਾ ਪਾਠ ਦਾ ਕੰਮ ਕਰੇਗਾ। (2) ਖਤਰੀ ਫੌਜ ਵਿੱਚ ਭਰਤੀ ਹੋਵੇਗਾ ਤੇ ਦੇਸ਼ ਦਾ ਸਾਸ਼ਨ ਚਲਾਏਗਾ। (3) ਵੈਸ਼ ਲਈ ਖੇਤੀਵਾੜੀ ਤੇ ਵਿਉਪਾਰ ਕਰਨ ਦੇ ਹੱਕ ਰਿਜ਼ਰਵ ਕੀਤੇ ਗਏ। ਸ਼ੂਦਰ ਕਰਾਰ ਦਿੱਤੇ ਗਏ ਲੋਕਾਂ ਦੇ ਹਰ ਪ੍ਰਕਾਰ ਦੇ ਹੱਕ ਖਤਮ ਕਰ ਦਿੱਤੇ ਗਏ ਤੇ ਉਨ੍ਹਾਂ ਨੂੰ ਸਾਫ ਸਫਾਈ ਕਰਨ ਤੇ ਮਰੇ ਪਸ਼ੂ ਢੋਣ ਦੇ ਕੰਮ ਦਿੱਤੇ ਗਏ। ਹਜ਼ਾਰਾਂ ਸਾਲ ਛੂਆ ਛਾਤ ਦਾ ਸ਼ਿਕਾਰ ਰਹੇ ਤੇ ਮਲੀਨ ਧੰਦੇ ਕਰਨ ਕਰਕੇ ਇਨ੍ਹਾਂ ਲੋਕਾਂ ਵਿੱਚ ਹੀਣ ਭਾਵਨਾ ਘਰ ਕਰ ਗਈ ਅਤੇ ਉਹ ਨਾ ਸਿਰਫ ਆਰਥਿਕ ਤੌਰ ਤੇ ਬਲਕਿ ਸਰੀਰਕ ਤੇ ਮਾਨਸਿਕਤਾ ਤੌਰ ਤੇ ਵੀ ਬਹੁਤ ਕਮਜ਼ੋਰ ਹੋ ਗਏ ਬਲਕਿ ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਉਹ ਹਰ ਪੱਖੋਂ ਸ਼ਕਤੀਹੀਨਤਾ ਦੇ ਪਤਾਲ ਵਿੱਚ ਉੱਤਰ ਗਏ। ਦੇਸ਼ ਦੀ ਅਜ਼ਾਦੀ ਪਿਛੋਂ ਇਨ੍ਹਾਂ ਲੋਕਾਂ ਨੂੰ ਇਸ ਸਥਿਤੀ ਵਿੱਚੋਂ ਉਭਾਰਨ ਲਈ ਹੀ ਰਿਜ਼ਰਵੇਸ਼ਨ ਕਾਇਮ ਕੀਤੀ ਗਈ ਸੀ ਪਰ ਦੁੱਖ ਦੀ ਗੱਲ ਹੈ ਕਿ ਅਜ਼ਾਦੀ ਦੇ 66 ਸਾਲ ਵਿੱਚ ਵੀ ਰਿਜ਼ਰਵੇਸ਼ਨ ਪਾਲਸੀ ਦਾ ਲਾਭ 25 ਪ੍ਰਤੀਸ਼ਤ ਤੋਂ ਵੀ ਘੱਟ ਦਲਿਤਾਂ ਨੂੰ ਹੀ ਹੋਇਆ।

ਭਾਰਤੀਆ ਜਨਤਾ ਪਾਰਟੀ ਵਲੋਂ ਦਿਤੀ ਜਾ ਰਹੀ ਇਹ ਦਲੀਲ ਵੀ ਭੁਲੇਖਾ ਪਾਊ ਹੈ ਕਿ ਰਿਜ਼ਰਵੇਸ਼ਨ 10 ਸਾਲ ਲਈ ਸੀ ਜਦਕਿ ਹੁਣ ਇਸ ਨੂੰ ਲਾਗੂ ਹੋਇਆਂ 6 ਦਹਾਕੇ ਹੋ ਚੁੱਕੇ ਹਨ। ਹਕੀਕਤ ਇਹ ਹੈ ਕਿ 10 ਸਾਲ ਸਿਆਸੀ ਰਿਜ਼ਰਵੇਸ਼ਨ ਲਈ ਸਨ ਨਾ ਕਿ ਸਮੁਚੀ ਰਿਜ਼ਰਵੇਸ਼ਨ ਲਈ।

ਭਾਰਤੀਆ ਜਨਤਾ ਪਾਰਟੀ ਦੀ ਇਹ ਦਲੀਲ ਵੀ ਸ਼ਰਾਰਤਪੂਰਣ ਹੈ ਕਿ ਰਿਜ਼ਰਵੇਸ਼ਨ ਦੇ ਲਾਭ ਦੀ ਇੱਕ ਹੱਦ ਮੁਕਰਰ ਕੀਤੀ ਜਾਵੇ, ਜੋ ਲੋਕ ਰਿਜ਼ਰਵੇਸ਼ਨ ਦਾ ਲਾਭ ਉਸ ਹੱਦ ਤੱਕ ਪ੍ਰਾਪਤ ਕਰ ਲੈਣ ਉਨ੍ਹਾਂ ਨੂੰ ਅੱਗੋਂ ਰਿਜ਼ਰਵੇਸ਼ਨ ਦਾ ਲਾਭ ਬੰਦ ਕੀਤਾ ਜਾਵੇ।

ਜੇਕਰ ਇਸ ਅਧਾਰ ਤੇ ਰਿਜ਼ਰਵੇਸ਼ਨ ਦਾ ਲਾਭ ਬੰਦ ਕਰਨਾ ਹੈ ਤਾਂ ਸਮਾਜ ਦੇ ਅਮੀਰ ਲੋਕਾਂ ਦੀ ਆਰਥਿਕਤਾ ਦੀ ਵੀ ਹੱਦ ਮੁਕਰਰ ਹੋਈ ਚਾਹੀਦੀ ਹੈ ਜੋ ਇਸ ਹੱਦ ਤੱਕ ਪੈਸਾ ਕਮਾ ਚੁੱਕੇ ਹੋਣ ਉਨ੍ਹਾਂ ਨੂੰ ਸਰਕਾਰੀ ਕੋਟੇ, ਗਰਾਂਟਾਂ, ਸਬਸਿਡੀ, ਲਾਇਸੰਸ ਤੇ ਪ੍ਰਮਿਟ ਆਦਿ ਬੰਦ ਕੀਤੇ ਜਾਣ। ਭਾਰਤ ਵਿੱਚ ਇਹ ਦੇਖਣਾ ਪਵੇਗਾ ਕਿ ਅਰਬਪਤੀਆਂ ਦੀ ਗਿਣਤੀ ਕਿਹੜੇ ਵਰਗਾਂ ਵਿੱਚ ਵਧ ਰਹੀ ਹੈ, ਉਨ੍ਹਾਂ ਦਾ ਪੈਸਾ ਵੀ ਵਧਣ ਤੇ ਰੋਕ ਲਾਈ ਜਾਵੇ। ਇੱਕਲੇ ਦਲਿਤ ਤੇ ਹੀ ਇਹ ਪਾਬੰਦੀ ਕਿਉਂ?

ਅਸਲ ਵਿੱਚ ਭਾਰਤੀਆ ਜਨਤਾ ਪਾਰਟੀ ਦੀਆਂ ਦਲਿਤ ਮਾਰੂ ਨੀਤੀਆਂ ਦਾ ਬਰੀਕੀ ਨਾਲ ਅਧਿਐਨ ਕਰਨ ਤੇ ਉਸ ਤੋਂ ਬਹੁਤ ਹਸ਼ਿਆਰ ਰਹਿਣ ਦੀ ਲੋੜ ਹੈ।

# ਕਦੋਂ ਖਤਮ ਹੋਵੇਗੀ ਸਿਰ ਉਤੇ ਮੈਲਾ ਢੋਣ ਦੀ ਪ੍ਰਥਾ

ਇਹੋ ਜਿਹੇ ਸਮੇਂ ਵਿਚ ਜਦ ਪੂਰੀ ਦੁਨੀਆਂ ਵਿਚ ਭਾਰਤ ਵਿਚ ਮਹਾਂਸ਼ਕਤੀ ਬਣਨ ਵੱਲ ਵੱਧ ਰਿਹਾ ਹੈ ਤਾਂ ਇਹ ਜਾਨਣਾ ਕਿੰਨਾ ਦੁਖਦ ਹੈ ਕਿ ਦੇਸ਼ ਵਿਚ ਕਰੀਬ ਡੇਢ ਲੱਖ ਲੋਕ ਅਜੇ ਵੀ ਸਿਰ ਉਤੇ ਮੈਲਾ ਢੋਹ ਕੇ ਆਪਣਾ ਗੁਜ਼ਾਰਾ ਕਰ ਰਹੇ ਹਨ। ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੇ ਅਨੁਸਾਰ ਇਸ ਪ੍ਰਥਾ ਵਿਚ ਲੱਗੇ ਲੋਕਾਂ ਦੀ ਸੰਖਿਆ ਇਸ ਨਾਲੋਂ ਕਿਤੇ ਵੱਧ ਹੈ। ਇਸ ਕੁਪ੍ਰਥਾ ਨੂੰ ਬਣਾਈ ਰੱਖਣ ਵਿਚ ਕਈ ਤਰ੍ਹਾਂ ਦੀਆਂ ਰਾਜਨੀਤਿਕ ਅਤੇ ਸਮਾਜਿਕ ਸ਼ਕਤੀਆਂ ਜ਼ਿੰਮੇਵਾਰ ਹਨ।

ਵੈਸੇ ਤਾਂ ਦੇਸ਼ ਵਿਚ ਕਈ ਰਾਜਾਂ ਨੇ ਇਸ ਖੇਤਰ ਵਿਚ ਚੰਗਾ ਕੰਮ ਵੀ ਕੀਤਾ ਹੈ, ਪਰ ਅੱਠ ਨਾਲੋਂ ਵੱਧ ਰਾਜ ਅਜੇ ਵੀ ਇਸ ਸਰਾਪ ਤੋਂ ਮੁਕਤ ਨਹੀਂ ਹੋ ਸਕੇ ਹਨ। ਸਭ ਨਾਲੋਂ ਵੱਧ ਖਰਾਬ ਸਥਿਤੀ ਹਿੰਦੀ ਪੱਟੀ ਦੇ ਰਾਜਾਂ ਦੀ ਹੈ। ਇਹਨਾਂ ਵਿਚੋਂ ਵੀਹ ਸਭ ਤੋਂ ਵੱਡੀ ਆਬਾਦੀ ਵਾਲੇ ਰਾਜ ਉਤਰ ਪ੍ਰਦੇਸ਼ ਵਿਚ ਅੱਜ ਵੀ ਸਭ ਤੋਂ ਵੱਧ ਲੋਕ ਮੈਲਾ ਪ੍ਰਥਾ ਵਿਚ ਲੱਗੇ ਹਨ।

ਕੇਂਦਰ ਸਰਕਾਰ ਨੇ ਨਿਰਮਲ ਭਾਰਤ ਅਭਿਆਨ ਦੇ ਤਹਿਤ ਜੋ ਅੰਕੜੇ ਜਾਰੀ ਕੀਤੇ ਹਨ, ਉਹਨਾਂ ਦੇ ਮੁਤਾਬਕ ਇਕੱਲੇ ਉਤਰ ਪ੍ਰਦੇਸ਼ ਵਿਚ ਕਰੀਬ ਡੇਢ ਲੱਖ ਖੁਸ਼ਕ ਪਖਾਨੇ ਹਨ। ਇਹ ਉਹ ਅੰਕੜੇ ਹਨ ਜੋ ਖੁਦ ਜ਼ਿਲ੍ਹਾ ਪ੍ਰਸ਼ਾਸਨ ਨੇ ਸਰਕਾਰ ਨੂੰ ਭੇਜੇ ਹਨ। ਇਹ ਅੰਕੜੇ 2011 ਦੀ ਮਰਦਮਸ਼ੁਮਾਰੀ ਦੇ ਆਧਾਰ ਤੇ ਤਿਆਰ ਕੀਤੇ ਗਏ ਹਨ। ਤਾਜ਼ਾ ਅੰਕੜਿਆਂ ਦੇ ਮੁਤਾਬਕ ਉਤਰ ਪ੍ਰਦੇਸ਼ ਵਿਚ 1,15,367 ਖੁਸ਼ਕ ਪਖਾਨੇ ਹਨ।

ਰਾਸ਼ਟਰੀ ਸਫਾਈ ਕਰਮਚਾਰੀ ਆਯੋਗ ਦੇ ਅਨੁਸਾਰ ਮੱਧ ਪ੍ਰਦੇਸ਼ ਦੇ ਸੋਲਾਂ ਜ਼ਿਲ੍ਹਿਆਂ ਵਿਚ ਵਿਆਪਕ ਰੂਪ ਨਾਲ ਇਹ ਕੁਪ੍ਰਥਾ ਜਾਰੀ ਹੈ। ਇਕ ਸਰਵੇ ਤੋਂ ਪਤਾ ਚੱਲਦਾ ਹੈ ਕਿ ਮੱਧ ਪ੍ਰਦੇਸ਼ ਵਿਚ 506 ਪਰਿਵਾਰਾਂ ਵਿਚ ਸਿਰਫ ਔਰਤਾਂ ਹੀ ਇਸ ਕੰਮ ਨੂੰ ਕਰਦੀਆਂ ਹਨ। ਇਹ ਦੋਸ਼ ਲਗਾਇਆ ਜਾਂਦਾ ਹੈ ਕਿ ਬਾਲਮੀਕੀ ਸਮਾਜ ਦੇ ਲੋਕ ਇਸ ਪੇਸ਼ੇ ਨੂੰ ਇਸ ਲਈ ਨਹੀਂ ਛੱਡਣਾ ਚਾਹੁੰਦੇ ਕਿਉਂਕਿ ਉਹਨਾਂ ਨੂੰ ਇਸ ਤੋਂ ਚੰਗੀ ਕਮਾਈ ਹੁੰਦੀ ਹੈ। ਪਰ ਸਰਵੇ ਵਿਚ ਸਾਹਮਣੇ ਆਇਆ ਹੈ ਕਿ ਇਕ ਪਰਿਵਾਰ ਮੈਲਾ ਚੁੱਕਣ ਦੇ ਬਦਲੇ ਵਿਚ ਇਹਨਾਂ ਨੂੰ ਪੰਦਰਾਂ-ਵੀਹ ਰੁਪਏ ਰੋਜ਼ਾਨਾ ਦਿੰਦਾ ਹੈ। ਇਹੋ ਜਿਹੇ ਵਿਚ ਇਹਨਾਂ ਨੂੰ ਕਿੰਨਾ ਲਾਭ ਹੁੰਦਾ ਹੋਵੇਗਾ, ਸੋਚਿਆ ਜਾ ਸਕਦਾ ਹੈ। ਬਿਹਾਰ, ਝਾਰਖੰਡ, ਹਰਿਆਣਾ, ਕਰਨਾਟਕ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਨਾਗਲੈਂਡ, ਰਾਜਸਥਾਨ, ਉਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਇਹ ਪ੍ਰਥਾ ਅੱਜ ਵੀ ਇੱਥੇ ਉਥੇ ਕਾਇਮ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕਈ ਰਾਜ ਜਾਣ ਬੁੱਝ ਕੇ ਆਪਣੀ ਸਥਿਤੀ ਤੇ ਪਰਦਾ ਪਾ ਰਹੇ ਹਨ।

ਸਰਕਾਰ ਨੇ ਤਮਾਮ ਅੰਦੋਲਨ ਅਤੇ ਜਨ-ਦਬਾਅ ਦੇ ਬਾਅਦ 1993 ਵਿਚ ਇਕ ਕਾਨੂੰਨ ਬਣਾ ਕੇ ਸਿਰ ਤੇ ਮੈਲਾ ਪ੍ਰਥਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਕਾਨੂੰਨ ਨਾਕਾਫੀ ਸਿੱਧ ਹੋਇਆ। ਇਸ ਵਿਚ ਮੈਲਾ ਢੋਣ ਦੇ ਤਰੀਕਿਆਂ ਨੂੰ ਸਪਸ਼ਟ ਨਹੀਂ ਕੀਤਾ ਗਿਆ ਸੀ। ਉਸ ਵਿਚ ਸਿਰਫ ਖੁਸ਼ਕ ਪਖਾਨਿਆਂ ਨੂੰ ਸ਼ਾਮਲ ਕੀਤਾ ਗਿਆ ਸੀ। ਜਦਕਿ ਮੈਲਾ ਸਾਫ ਕਰਨ ਦੇ ਕਈ ਹੋਰ ਤਰੀਕੇ ਹਨ, ਜੋ ਬੇਹੱਦ ਅਣਮਨੁੱਖੀ ਹਨ। ਓਪਨ ਡ੍ਰੇਨ, ਸੇਫਟਿਕ ਟੈਂਕ ਵਿਚ ਸਫਾਈ, ਰੇਲਵੇ ਟ੍ਰੈਕ ਤੇ ਖਿਲਰੇ ਮਲ ਨੂੰ ਸਾਫ ਕਰਨਾ, ਸੀਵਰ ਦੀ ਸਫਾਈ ਕਰਨਾ ਆਦਿ।

1993 ਵਿਚ ਬਣੇ ਕਾਨੂੰਨ ਦੇ ਬੇਅਸਰ ਹੋਣ ਦੀ ਵਜ੍ਹਾ ਨਾਲ ਸਰਕਾਰ ਇਕ ਬਾਰ ਫਿਰ ਜਨਤਾ ਦੇ ਦਬਾਅ ਅੱਗੇ ਝੁਕੀ। ਆਖਿਰਕਾਰ 2012 ਵਿਚ ਮੈਲਾ ਪ੍ਰਥਾ ਨਿਸ਼ੇਪ ਪੁਨਰਵਾਸ ਬਿਲ ਨੂੰ ਸੰਸਦ ਨੇ ਪਾਸ ਕੀਤਾ। ਇਸ ਕਾਨੂੰਨ ਵਿਚ ਕੁਝ ਹੱਦ ਤੱਕ ਪੁਰਾਣੀਆਂ ਖਾਮੀਆਂ ਨੂੰ ਦਰੁੱਸਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹਾਲਾਂਕਿ ਇਸ ਦੇ ਆਲੋਚਕ ਅਜੇ ਵੀ ਇਸ ਨੂੰ ਨਾਕਾਫੀ ਮੰਨਦੇ ਹਨ।

ਇਸ ਮਾਮਲੇ ਦਾ ਹਾਈਕੋਰਟ ਨੇ ਵੀ ਨੋਟਿਸ ਲਿਆ। ਅਕਤੂਬਰ 2007 ਵਿਚ ਹਾਈਕੋਰਟ ਨੇ ਰਾਜਾਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਨੂੰ ਮੈਲਾ ਢੋਹਣ ਦੀ ਪ੍ਰਥਾ ਖਤਮ ਕਰਨ ਲਈ ਅਧਿਸੂਚਨਾ ਜਾਰੀ ਕਰਨ ਦੇ ਹੁਕਮ ਦਿੱਤੇ ਸਨ। ਇਸ ਤੋਂ ਪਹਿਲਾਂ ਹਾਈਕੋਰਟ ਨੇ ਦਸੰਬਰ 2004 ਵਿਚ ਇਕ ਜਨਹਿਤ ਅਰਜ਼ੀ ਤੇ ਮੈਲਾ ਪ੍ਰਥਾ ਨੂੰ ਪੂਰੀ ਤਰ੍ਹਾਂ ਰੋਕਣ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਹੁਕਮ ਦਿੱਤਾ ਸੀ। ਸਾਰੀਆਂ ਕੋਸ਼ਿਸ਼ਾਂ ਨਾਕਾਫੀ ਰਹੀਆਂ।

ਇਸ ਪ੍ਰਥਾ ਵਿਚ ਜੁੜੇ ਪਰਿਵਾਰਾਂ ਦੇ ਸਾਹਮਣੇ ਕਈ ਮੁਸ਼ਕਿਲਾਂ ਹਨ। ਅਸਲ ਸਮੱਸਿਆ ਪੁਨਰਵਾਸ ਦੀ ਹੈ। ਇਸ ਪ੍ਰਥਾ ਨੂੰ ਛੱਡਣ ਦੇ ਬਾਅਦ ਉਹਨਾਂ ਦੇ ਸਾਹਮਣੇ ਰੋਜ਼ੀ ਰੋਟੀ ਦਾ ਸੰਕਟ ਖੜ੍ਹਾ ਹੋ ਜਾਂਦਾ ਹੈ। ਇਹ ਸਥਿਤੀ ਕੁਝ ਕੁਝ ਬਾਲ ਮਜ਼ਦੂਰੀ ਪ੍ਰਥਾ ਜਿਹੀ ਹੈ।

ਅਕਸਰ ਬਾਲ ਮਜ਼ਦੂਰਾਂ ਨੂੰ ਉਹਨਾਂ ਦੇ ਕੰਮ ਤੋਂ ਹਟਾ ਤਾਂ ਦਿੱਤਾ ਜਾਂਦਾ ਹੈ, ਪਰ ਵਿਕਲਪ ਦੀ ਕਮੀ ਵਿਚ ਉਹ ਘੁੰਮ ਕੇ ਫਿਰ ਉਥੇ ਪਹੁੰਚ ਜਾਂਦੇ ਹਨ। ਇਹੀ ਹਾਲ ਇਸ ਪ੍ਰਥਾ ਵਿਚ ਲੱਗੇ ਲੋਕਾਂ ਦਾ ਹੈ। ਕੁਝ ਰਾਜਾਂ ਵਿਚ ਤਾਂ ਇਹ ਵੀ ਦੇਖਣ ਵਿਚ ਆਇਆ ਕਿ ਜੋ ਪਰਿਵਾਰ ਇਸ ਵਿਚ ਲੱਗੇ ਹੁੰਦੇ ਹਨ, ਉਹ ਇਸ ਨੂੰ ਜਗੀਰ ਕਹਿੰਦੇ ਹਨ। ਇਹ ਇਕ ਤਰ੍ਹਾਂ ਦਾ ਖਾਨਦਾਨੀ ਕੰਮ ਹੈ।

ਜੇਕਰ ਅਸੀਂ ਇਸ ਪ੍ਰਥਾ ਦੀਆਂ ਤਹਿਆਂ ਨੂੰ ਲੱਭੀਏ ਤਾਂ ਪਾਵਾਂਗੇ ਕਿ ਦੂਸਰੀਆਂ ਤਮਾਮ ਬੁਰਾਈਆਂ ਦੀ ਤਰ੍ਹਾਂ ਜਾਤੀ ਪ੍ਰਥਾ ਇਸ ਦੇ ਵੀ ਜੜ੍ਹ ਵਿਚ ਹਨ। ਕੁਝ ਕੰਮ ਨੀਵੀਆਂ ਮੰਨੀਆਂ ਜਾਣ ਵਾਲੀਆਂ ਜਾਤੀਆਂ ਨੂੰ ਸੌਂਪ ਦਿੱਤਾ ਗਿਆ, ਜਿਸਨੂੰ ਉਹ ਚਾਹੇ-ਅਣਚਾਹੇ ਸਦੀਆਂ ਤੋਂ ਢੋਂਦੀ ਆ ਰਹੀ ਹੈ। ਇੰਝ ਕਹੋ ਕਿ ਇੰਨਾ ਕੰਮਾਂ ਨੂੰ ਉਹਨਾਂ ਦੇ ਅਸਤਿਤਵ ਨਾਲ ਜੋੜ ਦਿੱਤਾ ਗਿਆ। ਜਦ ਸਮਾਜ ਨੂੰ ਜਾਤੀ ਵਿਵਸਥਾ ਵਿਚ ਵੰਡਿਆ ਗਿਆ ਤਾਂ ਸਭ ਤੋਂ ਥੱਲੇ ਡੰਡੇ ਤੇ ਦਲਿਤਾਂ ਨੂੰ ਥਾਂ ਮਿਲੀ ਅਤੇ ਉਹਨਾਂ ਨੂੰ ਸਭਨਾਂ ਦੀ ਸੇਵਾ ਦਾ ਜ਼ਿੰਮਾ ਸੌਂਪਿਆ ਗਿਆ। ਪ੍ਰਾਚੀਨ ਸਮੇਂ ਤੋਂ ਹੀ ਦੂਸਰੇ ਲੋਕਾਂ ਦਾ ਮੈਲਾ ਚੁੱਕਣ ਦਾ ਕੰਮ ਦਲਿਤ ਜਾਤੀ ਦੇ ਲੋਕ, ਜਿਹਨਾਂ ਵਿਚ ਔਰਤਾਂ ਜ਼ਿਆਦਾ ਹਨ, ਕਰ ਰਹੀਆਂ ਹਨ।

ਇਸ ਪ੍ਰਥਾ ਦੇ ਵਿਰੋਧ ਵਿਚ ਸਮੇਂ ਸਮੇਂ ਤੇ ਆਵਾਜ਼ਾਂ ਵੀ ਉੱਠੀਆਂ। ਕੁਝ ਹੱਦ ਤੱਕ ਕਾਮਯਾਬੀ ਵੀ ਮਿਲੀ। ਪਰ ਅਸਲ ਸਵਾਲ ਤਾਂ ਇਸ ਦੇ ਪੂਰੀ ਤਰ੍ਹਾਂ ਖਾਤਮੇ ਨੂੰ ਲੈ ਕੇ ਹੈ। ਸਫਾਈ ਕਰਮਚਾਰੀ ਅੰਦੋਲਨ ਪਿਛਲੇ ਕਈਆਂ ਸਾਲਾਂ ਤੋਂ ਇਸ ਖਾਤਮੇ ਦੇ ਲਈ ਲਗਾਤਾਰ ਸੰਘਰਸ਼ ਕਰ ਰਿਹਾ ਹੈ।

ਇਹ ਅੰਦੋਲਨ ਭਾਰਤੀ ਸਮਾਜ ਨੂੰ ਬਿਹਤਰ ਬਣਾਉਣ ਦੇ ਲਈ ਉਸ ਸਮਾਜਿਕ ਵਿਵਸਥਾ ਦੇ ਖ਼ਿਲਾਫ਼ ਹੈ, ਜਿੱਥੇ ਇਕ ਆਦਮੀ ਦੀ ਪਛਾਣ ਦੂਸਰੇ ਆਦਮੀ ਦੇ ਮੈਲਾ ਚੁੱਕਣ ਦੇ ਤੌਰ ਤੇ ਮੌਜੂਦ ਹੈ।

ਪੰਜ ਸਾਲਾ ਯੋਜਨਾ ਵਿਚ ਸ਼ਾਮਲ ਕਰਕੇ ਇਸ ਪ੍ਰਥਾ ਉਤੇ ਰੋਕ ਲਗਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਸਫਲਤਾ ਨਹੀਂ ਮਿਲੀ। ਦਸਵੀਂ ਪੰਜ ਸਾਲਾ ਯੋਜਨਾ ਵਿਚ ਮੈਲਾ ਢੋਹਣ ਦੀ ਪ੍ਰਥਾ ਖਤਮ ਕਰਨ ਅਤੇ ਇਸ ਵਿਚ ਲੱਗੇ ਲੋਕਾਂ ਨੂੰ ਰੁਜ਼ਗਾਰ ਦੇਣ ਅਤੇ ਖੁਸ਼ਕ ਪਖਾਨਿਆਂ ਨੂੰ (ਜਿਹਨਾਂ ਵਿਚ ਫਲੱਸ਼ ਦਾ ਪ੍ਰਬੰਧ ਨਹੀਂ ਹੁੰਦਾ) ਬਦਲਣ ਦੇ ਲਈ 460 ਕਰੋੜ ਰੁਪਏ ਰੱਖੇ ਗਏ। ਪਰ ਖਰਚ ਸਿਰਫ 146.04 ਕਰੋੜ ਹੀ ਕੀਤੇ ਗਏ।

ਗਿਆਰਵੀਂ ਪੰਜ ਸਾਲਾ ਯੋਜਨਾ ਵਿਚ 2012 ਤੱਕ ਮੈਲ ਢੋਹਣ ਦੀ ਪ੍ਰਥਾ ਖਤਮ ਕਰਨ ਦਾ ਦਾਅਵਾ ਕੀਤਾ ਗਿਆ। ਮੈਲਾ ਪ੍ਰਥਾ ਖਤਮ ਅਤੇ ਸਫਾਈ ਕਰਮਚਾਰੀਆਂ ਦੇ ਮੁੜ-ਵਸੇਬੇ ਦੇ ਲਈ ਸਰਕਾਰ ਨੇ 1990 ਵਿਚ ਕੁਝ ਕਦਮ ਚੁੱਕੇ ਸਨ।ਉਸ ਸਮੇਂ ਇਸ ਨੂੰ ਜੜ੍ਹ ਤੋਂ ਖਤਮ ਕਰਨ ਦੇ ਲਈ 1995 ਤੱਕ ਦਾ ਸਮਾਂ ਮਿੱਥਿਆ ਗਿਆ ਸੀ। ਫਿਰ ਤਤਕਾਲੀਨ ਪ੍ਰਧਾਨ ਮੰਤਰੀ ਨੇ ਵਾਅਦਾ ਕੀਤਾ ਕਿ ਉਹ 2000 ਤੱਕ ਇਸ ਪ੍ਰਥਾ ਨੂੰ ਜੜ੍ਹ ਤੋਂ ਖਤਮ ਕਰ ਦੇਣਗੇ। ਸਮਾਂ ਲੰਘਦਾ ਗਿਆ ਅਤੇ ਕੁਪ੍ਰਥਾ ਜਾਰੀ ਰਹੀ। ਸਰਵੇਖਣ ਵਿਚ ਪਾਇਆ ਗਿਆ ਕਿ ਇਸ ਕੰਮ ਵਿਚ ਲੱਗੇ ਪਰਿਵਾਰਾਂ ਨੂੰ ਸਮਾਜ ਵਿਚ ਵੀ ਕਾਫੀ ਦੰਸ਼ ਝੱਲਣਾ ਪੈਂਦਾ ਹੈ। ਮੈਲੇ ਕੰਮਾਂ ਵਿਚ ਲੱਗੀਆਂ ਔਰਤਾਂ ਨੂੰ ਕਿਸੇ ਕਲਾ ਜਾਂ ਹੋਰ ਕੋਈ ਹੋਰ ਕਾਰਜ ਕਰਨ ਦੇ ਲਈ ਛੇ ਮਹੀਨੇ ਦੀ ਟ੍ਰੇਨਿੰਗ ਦੇਣ ਦਾ ਪ੍ਰਬੰਧ ਹੈ। ਉਸ ਨੂੰ ਸਰਕਾਰਾਂ ਠੀਕ ਤਰੀਕੇ ਨਾਲ ਲਾਗੂ ਨਹੀਂ ਕਰਦੀਆਂ।

ਮੱਧ ਪ੍ਰਦੇਸ਼ ਦੇ ਛੇ ਜ਼ਿਲ੍ਹਿਆਂ ਤੋਂ ਕਰੀਬ ਛੇ ਸੌ ਔਰਤਾਂ ਨੂੰ ਇਸ ਪੇਸ਼ੇ ਤੋਂ ਮੁਕਤ ਕਰਾਇਆ ਅਤੇ ਬਾਅਦ ਵਿਚ ਤੀਹ ਔਰਤਾਂ ਨੇ ਇਸ ਪੇਸ਼ੇ ਨੂੰ ਦੁਬਾਰਾ ਕਰਨਾ ਸ਼ੁਰੂ ਕਰ ਦਿੱਤਾ। ਇਹੋ ਜਿਹੇ ਕਈ ਉਦਾਹਰਣ ਹਨ, ਜਿੱਥੇ ਇਹਨਾਂ ਔਰਤਾਂ ਨੇ ਮੈਲਾ ਢੋਹਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਲਈ ਨਵਾਂ ਰਾਹ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਉਹਨਾਂ ਨੂੰ ਅਸਫਲਤਾ ਹੱਥ ਲੱਗੀ।

ਮਹਾਰਾਸ਼ਟਰ ਦੀ ਸੁਮਿੱਤਰਾ ਬਾਈ ਨੇ ਖੁਦ ਨੂੰ ਇਸ ਪੇਸ਼ੇ ਦੇ ਚੱਕਰਵਿਊ ਵਿਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਕੋਈ ਦੂਸਰਾ ਰੁਜ਼ਗਾਰ ਕਰਨ ਦੇ ਲਈ ਵੀਹ ਹਜ਼ਾਰ ਰੁਪਏ ਦਾ ਕਰਜ਼ ਵੀ ਮਿਲਿਆ। ਉਹ ਖੁਸ਼ ਸੀ ਕਿ ਹੁਣ ਉਹ ਸਮਾਜ ਵਿਚ ਬਿਹਤਰ ਅਤੇ ਇੱਜਤ ਵਾਲਾ ਜੀਵਨ ਜਿਉਂ ਸਕੇਗੀ, ਉਸ ਦੇ ਬੱਚਿਆਂ ਨੂੰ ਕਦੀ ਇਸ ਤਰ੍ਹਾਂ ਦਾ ਕੰਮ ਨਹੀਂ ਕਰਨਾ ਪਵੇਗਾ।

ਸੁਮਿਤਰਾ ਬਾਈ ਨੇ ਕਰਜ਼ ਦੇ ਪੈਸੇ ਨਾਲ ਇਕ ਕੱਪੜੇ ਦੀ ਦੁਕਾਨ ਤਾਂ ਖੋਲ੍ਹ ਲਈ, ਪਰ ਤਿੰਨ ਮਹੀਨੇ ਬੀਤ ਜਾਣ ਦੇ ਬਾਅਦ ਵੀ ਉਸ ਦੀ ਦੁਕਾਨ ਤੇ ਕੋਈ ਨਾ ਆਇਆ। ਮਜਬੂਰਨ ਉਸ ਨੂੰ ਆਪਣੀ ਦੁਕਾਨ ਬੰਦ ਕਰਨੀ ਪਈ ਅਤੇ ਸਮਾਜ ਦੀਆਂ ਬਣਾਈਆਂ ਕੁਰੀਤੀਆਂ ਦੀ ਚੱਕੀ ਵਿਚ ਪਿਸਣ ਦੇ ਲਈ ਦੁਬਾਰਾ ਵਾਪਸ ਪਰਤਣਾ ਪਿਆ।

ਇਹ ਇੱਜਤ ਅਤੇ ਸਾਖ ਦਾ ਪ੍ਰਵਾਹ ਹੈ। ਲਿਹਾਜਾ ਆਰਥਿਕ ਸਹਾਇਤਾ ਜਾਂ ਸਰਕਾਰੀ ਯੋਜਨਾ ਇਸ ਦਾ ਜਵਾਬ ਨਹੀਂ ਲੱਭ ਸਕਦੀ। ਸਰਕਾਰ ਮੰਨਦੀ ਹੈ ਕਿ ਮੈਲਾ ਢੋਹਣ ਦਾ ਕੰਮ ਛੱਡਣ ਤੇ ਉਹਨਾਂ ਨੂੰ ਦੂਸਰੇ ਚੰਗੇ ਕੰਮ ਮਿਲ ਜਾਂਦੇ ਹਨ, ਜਦਕਿ ਹਕੀਕਤ ਇਹ ਹੈ ਕਿ ਇਹੋ ਜਿਹਾ ਕਰਨ ਤੇ ਉਹਨਾਂ ਦੇ ਦੂਜੇ ਵਿਕਲਪ ਵੀ ਹੱਥੋਂ ਖਿਸਕ ਜਾਂਦੇ ਹਨ।



- ਨਿਰਮਲ ਚੌਹਾਨ
91-94631- 61691

ਮੱਧ ਪ੍ਰਦੇਸ਼ ਦੇ ਦੇਵਾਸ ਜ਼ਿਲ੍ਹੇ ਦੀ ਮੈਲਾ ਢੋਹਣ ਦਾ ਕੰਮ ਛੱਡ ਚੁੱਕੀ ਕਾਂਤੀ ਬਾਈ ਦਾ ਕਹਿਣਾ ਹੈ ਕਿ ਸਾਨੂੰ ਇਸ ਕੰਮ ਦੇ ਬਦਲੇ ਵਿਚ ਹਰੇਕ ਘਰ ਤੋਂ ਇਕ ਬੇਹੀ ਰੋਟੀ ਅਤੇ ਤਿਉਹਾਰਾਂ ਤੇ ਪੁਰਾਣੇ ਕੱਪੜੇ ਮਿਲਦੇ ਸਨ। ਉਹ ਸਾਨੂੰ ਆਪਣਾ ਗੁਲਾਮ ਮੰਨਦੇ ਸਨ, ਇਸ ਲਈ ਕੰਮ ਕਰਵਾਉਣ ਦੇ ਬਦਲੇ ਸਾਡੀ ਕੁਝ ਮਦਦ ਵੀ ਕਰ ਦਿੰਦੇ ਸਨ। ਪਰ ਜਦ ਤੋਂ ਇਹ ਕੰਮ ਛੱਡਿਆ ਹੈ ਉਦੋਂ ਤੋਂ ਸਾਡਾ ਤਾਂ ਜਿਵੇਂ ਸਮਾਜਿਕ ਬਾਈਕਾਟ ਹੋ ਗਿਆ ਹੈ। ਹੁਣ ਜ਼ਰੂਰਤ ਪੈਣ ਤੇ ਜਦ ਅਸੀਂ ਸਵਰਣਾਂ ਤੋਂ ਰੋਟੀ ਜਾਂ ਹੋਰ ਮਦਦ ਮੰਗਣ ਜਾਂਦੇ ਹਾਂ ਤਾਂ ਇਕ ਵੀ ਪਰਿਵਾਰ ਸਾਡੀ ਮਦਦ ਨਹੀਂ ਕਰਦਾ। ਇਵੇਂ ਹੀ, ਦੇਵਾਸ ਦੇ ਗੰਦਰਵਪੁਰੀ ਪਿੰਡ ਦੀ ਮੁੰ-ਨੀਬਾਈ ਨੂੰ ਕਿਹਾ ਗਿਆ ਕਿ ਜਿਹਨਾਂ ਨੇ ਤੇਰੇ ਤੋਂ ਮੈਲਾ ਢੋਹਣ ਦਾ ਕੰਮ ਛੁਡਵਾਇਆ ਹੈ, ਹੁਣ ਉਹਨਾਂ ਤੋਂ ਜਾ ਕੇ ਮਦਦ ਮੰਗੋ। ਜਦ ਇਸ ਤਰ੍ਹਾਂ ਦੀਆਂ ਔਕੜਾਂ ਸਾਹਮਣੇ ਆਉਂਦੀਆਂ ਹਨ, ਰੋਟੀ ਦੇ ਲਾਲੇ ਪੈ ਜਾਂਦੇ ਹਨ, ਘਰ ਵਿਚ ਬੱਚੇ ਭੁੱਖ ਨਾਲ ਤੜਪਦੇ ਹਨ, ਤਾਂ ਆਤਮ ਸਨਮਾਨ ਦੀ ਸ਼ੁੱਧ ਨਹੀਂ ਰਹਿੰਦੀ। ਫਿਰ ਤਾਂ ਬੱਸ ਦੋ ਵੇਲੇ ਦੀ ਰੋਟੀ ਦੇ ਪ੍ਰਬੰਧ ਦਾ ਖਿਆਲ ਹੀ ਦਿਮਾਗ ਵਿਚ ਆ ਸਕਦਾ ਹੈ ਅਤੇ ਉਸ ਦੀ ਵਿਵਸਥਾ ਦੇ ਲਈ ਔਰਤਾਂ ਜਿਸ ਦਲਦਲ ਵਿਚੋਂ ਬੜੀ ਮੁਸ਼ਕਿਲ ਨਾਲ ਨਿਕਲੀਆਂ ਹੁੰਦੀਆਂ ਹਨ, ਦੁਬਾਰਾ ਉਸੇ ਵੱਲ ਰੁਖ ਕਰ ਕਰ ਲੈਂਦੀਆਂ ਹਨ।

ਇਹ ਇਸ ਪੇਸ਼ੇ ਨੂੰ ਛੱਡਣ ਜਾਂ ਅਪਣਾਉਣ ਦਾ ਮਾਮਲਾ ਨਹੀਂ ਹੈ, ਬਲਕਿ ਸਮਾਜਿਕ ਵਿਵਸਥਾ ਦੇ ਭੇਦਵਾਦੀ ਚਰਿੱਤਰ ਨੂੰ ਚੁਣੌਤੀ ਦੇਣ ਦਾ ਮਾਮਲਾ ਹੈ। ਮੈਲਾ ਢੋਹਣ ਦੀ ਪ੍ਰਥਾ ਇਕ ਤਰ੍ਹਾਂ ਨਾਲ ਜਾਤੀ ਵਿਵਸਥਾ ਅਤੇ ਪੁਰਸ਼ਾਂ ਰਾਹੀਂ ਇਹਨਾਂ ਔਰਤਾਂ ਤੇ ਥੋਪੀ ਗਈ ਹਿੰਸਾ ਹੈ। ਕਾਨੂੰਨਨ ਖੁਸ਼ਕ ਪਖਾਨੇ ਨੂੰ ਇਨਸਾਨ ਤੋਂ ਸਾਫ ਕਰਵਾਉਣ ਤੇ ਪੂਰੀ ਤਰ੍ਹਾਂ ਪਾਬੰਦੀ ਹੈ ਅਤੇ ਅਪਰਾਧ ਦੀ ਸ਼੍ਰੇਣੀ ਵਿਚ ਆਉਂਦਾ ਹੈ। ਜੇਕਰ ਕੋਈ ਖੁਸ਼ਕ ਪਖਾਨਾ ਮਾਲਿਕ ਇਸ ਕੰਮ ਨੂੰ ਕਿਸੇ ਸਫਾਈ ਕਰਮਚਾਰੀ ਤੋਂ ਕਰਾਉਂਦਾ ਹੈ ਤਾਂ ਇਹ ਕੰਮ ਸਜ਼ਾਯੋਗ ਹੈ। ਸਰਕਾਰ ਦੀ ਆਲਸੀ ਦਾ ਆਲਮ ਇਹ ਹੈ ਕਿ ਹਰਿਆਣੇ ਦੇ ਦੋ ਜ਼ਿਲ੍ਹਿਆਂ ਨੂੰ ਛੱਡ ਕੇ ਅਜੇ ਤੱਕ ਕਿਸੇ ਵੀ ਖੁਸ਼ਕ ਪਖਾਨਾ ਮਾਲਿਕ ਨੂੰ ਇਸ ਕਾਨੂੰਨ ਦੇ ਤਹਿਤ ਸਜ਼ਾ ਨਹੀਂ ਮਿਲੀ।

ਇਸ ਪ੍ਰਥਾ ਨੂੰ ਲੈ ਕੇ ਕਈ ਵਾਰ ਵਿਚਾਰਕਾਂ ਦੇ ਵਿਚ ਤਿੱਖੇ ਮਤਭੇਦ ਵੀ ਦੇਖੇ ਗਏ। ਗਾਂਧੀ ਜੀ ਨੇ ਕਿਹਾ ਸੀ, ਬੱਚਿਆਂ ਦਾ ਮਲ ਮੂਤਰ ਤਾਂ ਮਾਤਾ-ਪਿਤਾ ਸਾਫ ਕਰਦੇ ਹਨ, ਇਹ ਤਾਂ ਪੁੰਨ ਦਾ ਕੰਮ ਹੈ। ਇਸ ਕੰਮ ਵਿਚ ਲੱਗੇ ਲੋਕਾਂ ਨੂੰ ਇਹ ਪੁੰਨ ਦਾ ਕੰਮ ਕਰਦੇ ਰਹਿਣਾ ਚਾਹੀਦਾ ਹੈ। ਗਾਂਧੀ ਜੀ ਨੇ ਇਹ ਵੀ ਕਾਮਨਾ ਕੀਤੀ ਸੀ, ਮੇਰਾ ਅਗਲਾ ਜਨਮ ਭੰਗੀ ਦੇ ਘਰ ਹੋਵੇ।

ਇਸ ਗੱਲ ਤੇ ਭੀਮ ਰਾਓ ਅੰਬੇਦਕਰ ਹੋਰਾਂ ਨੇ ਤੁਰਕੀ-ਬ-ਤੁਰਕੀ ਕਿਹਾ ਸੀ, ਗਾਂਧੀ ਜੀ ਨੂੰ ਅਗਲੇ ਜਨਮ ਦੀ ਉਡੀਕ ਕਿਉਂ ਕਰਨੀ ਚਾਹੀਦੀ ਹੈ, ਉਹ ਇਸੇ ਜਨਮ ਵਿਚ ਇਹ ਕੰਮ ਕਰ ਸਕਦੇ ਹਨ। ਅਸੀਂ ਬੜਾ ਪੁੰਨ ਕਮਾ ਲਿਆ, ਹੁਣ ਗਾਂਧੀ ਜੀ ਆਪਣੇ ਹਮਸਾਇਆਂ ਨੂੰ ਇਹ ਕੰਮ ਕਰਾ ਕੇ ਪੁੰਨ ਅਤੇ ਲਾਭ ਦੋਵੇਂ ਕਮਾਉਣ।

ਮੈਲਾ ਪ੍ਰਥਾ ਵਿਚ ਲੱਗੀਆਂ ਔਰਤਾਂ ਦੀ ਤ੍ਰਾਸਦੀ ਦੇਖਣੀ ਹੋਵੇ ਤਾਂ ਭਾਸ਼ਾ ਸਿੰਘ ਦੀ ਹਾਲ ਵਿਚ ਛਪੀ ਕਿਤਾਬ (ਅਦ੍ਰਿਸ਼ ਭਾਰਤ) ਨੂੰ ਦੇਖਣਾ ਚਾਹੀਦਾ ਹੈ। ਉਹਨਾਂ ਨੇ ਇਕ ਥਾਂ ਲਿਖਿਆ ਹੈ, 35 ਸਾਲ ਦੀ ਮੁਸਰੀ ਵਾਸਫੋ ਨੇ ਹੱਥ ਡਬਲਯੂ ਬਾਲਟੀ ਵਿਚ ਪਾਉਂਦੇ ਹੋਏ ਵਿਅੰਗ ਨਾਲ ਕਿਹਾ, ਕੈਮਰਾ ਸੰਭਾਲੋ, ਛਿੱਟਾ ਨਾ ਪਵੇ, ਥੱਲੇ ਬੈਠ ਕੇ ਫੋਟੋ ਨਾ ਲਵੋ ਅਤੇ ਨਾ ਹੀ ਜ਼ਿਆਦਾ ਕੋਲ ਆਓ, ਨਹੀਂ ਤਾਂ ਕੜੀ ਅਤੇ ਦਾਲ ਛੁੱਟ ਜਾਏਗੀ। ਪੇਟ ਉਛਲਣ ਲੱਗਾ....। ਭਿਆਨਕ ਬਦਬੂ ਨਾਲ ਭਰੇ ਗਟਰ ਜਿਵੇਂ ਜੰਕਸ਼ਨ ਉਤੇ ਜਦ ਉਹਨਾਂ ਔਰਤਾਂ ਨੂੰ ਬਾਲਟੀਆਂ ਪਲਟਦੇ ਦੇਖ ਰਹੀ ਸੀ, ਤਾਂ ਸੱਚਮੁਚ ਕੈਮਰਾ ਹੱਥੋਂ ਤਿਲਕ ਹੀ ਗਿਆ, ਸਿਰ ਘੁੰਮ ਗਿਆ ਅਤੇ ਬੱਸ, ਜਾਤੀ ਦੀ ਗੰਧਾਤੀ ਸਚਾਈ ਤੇ ਚੀਕਣ ਦਾ ਮਨ ਹੋਇਆ।

ਇਹ ਕੁਪ੍ਰਥਾ ਸਮਾਜ ਦੇ ਨਾਲ ਹੀ ਦੇਸ਼ ਦੀ ਸਭਿਅਤਾ ਅਤੇ ਤਰੱਕੀ ਉਤੇ ਬਦਨੁਮਾ ਦਾਗ ਦੇ ਵਾਂਗ ਹੈ। ਸਿਰਫ ਕਾਨੂੰਨ ਬਣਾ ਦੇਣ ਨਾਲ ਕੰਮ ਨਹੀਂ ਚੱਲਣ ਵਾਲਾ। ਇਕ ਪਾਸੇ ਤਰੱਕੀ ਦੀ ਚਕਾਚੌਂਧ ਰੌਸ਼ਨੀ ਹੈ ਤਾਂ ਦੂਸਰੇ ਪਾਸੇ ਇਕ ਦੂਸਰੀ ਦੁਨੀਆਂ ਵਸੀ ਹੈ, ਜਿੱਥੇ ਸਿਰਫ ਹਨੇਰਾ ਹੀ ਹਨੇਰਾ ਹੈ।

----------

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਯੂਬਾ ਸਿਟੀ ਵਿਖੇ ਸ੍ਰੀ ਅਖੰਡ ਪਾਠ ਲੜੀ ਨਿਰੰਤਰ ਜਾਰੀ

## ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਗੁਰਪੁਰਬ ਦਿਹਾੜੇ ਨੂੰ ਸਮਰਪਿਤ ਪਹਿਲਾ ਸ੍ਰੀ ਅਖਡ ਪਾਠ ਬੀਬੀਆਂ ਵੱਲੋਂ ਸਮੂਹ ਸਾਧ ਸੰਗਤ ਨਾਲ ਮਿਲ ਕੇ ਰਖਾ ਕੇ ਭੋਗ ਪਾਏ ਗਏ









ਸਟਾਰ ਆਫ ਇੰਡੀਆ ਦੇ ਹਰਦਿਆਲ ਸਿੰਘ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪੇ ਨਾਲ ਸਨਮਾਨ ਕਰਦੇ ਹੋਏ।


ਆਸਟ੍ਰੇਲੀਆ ਤੋਂ ਆਏ ਅਮਰਦੀਪ ਸਿੰਘ ਨੂੰ ਗੁਰੂ ਘਰ ਹਾਜਰੀ ਲਗਵਾਉਣ ਤੇ ਪ੍ਰਬੰਧਕ ਕਮੇਟੀ ਵੱਲੋਂ ਸਰੋਪੇ ਨਾਲ ਸਨਮਾਨ ਕਰਦੇ ਹੋਏ।

ਯੂਬਾ ਸਿਟੀ (ਦਿਲਵਿੰਦਰ ਰੱਲ੍ਹ) ਵਿਸ਼ਵ ਭਾਈਚਾਰੇ ਦੇ ਹਾਮੀ, ਸਾਂਝੀਵਾਲਤਾ, ਸਮਾਨਤਾ, ਆਜ਼ਾਦੀ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 637ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠਾਂ ਦੀ ਲੜੀ ਦਾ ਦੂਸਰਾ ਸ੍ਰੀ ਅਖੰਡ ਪਾਠ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਮ ਜਪੋ, ਕਿਰਤ ਕਰੋ ਤੇ ਵੰਡ ਕੇ ਛਕੋ ਉਪਰ ਅਮਲ ਕਰਦਿਆਂ ਯੂਬਾ ਸਿਟੀ ਦੇ ਮਸ਼ਹੂਰ ਰੈਸਟੋਰੈਂਟ (ਸਟਾਰ ਆਫ ਇੰਡੀਆ) ਦੇ ਮਾਲਕਾਂ ਵੱਲੋਂ 31 ਜਨਵਰੀ ਨੂੰ ਸ੍ਰੀ ਅਖੰਡ ਪਾਠ ਰਾਏ ਗਏ ਅਤੇ 2 ਫਰਵਰੀ ਦਿਨ ਐਤਵਾਰ ਨੂੰ ਭੋਗ ਪਾਏ ਗਏ। ਤਿੰਨੋ ਦਿਨ ਇਲਾਹੀ ਬਾਣੀ ਦਾ ਲਗਾਤਾਰ ਪਾਠ ਹੋਇਆ ਤੇ ਸ਼ੁੱਕਰਵਾਰ, ਸ਼ਨੀਵਾਰ ਦੀਆਂ ਸ਼ਾਮਾਂ ਨੂੰ ਕੀਰਤਨ ਦਰਬਾਰ ਸਜਾਏ ਗਏ।

ਜਿਸ ਦੌਰਾਨ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਕੁਲਵਿੰਦਰ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸੇ ਤਰ੍ਹਾਂ ਹੀ 2 ਫਰਵਰੀ ਦਿਨ ਐਤਵਾਰ ਨੂੰ ਕੀਰਤਨ ਦਰਬਾਰ ਸਜਾਏ ਗਏ।

ਇਸ ਮੌਕੇ ਵੀ ਭਾਈ ਕੁਲਵਿੰਦਰ ਸਿੰਘ ਜੀ ਤੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਿਆ।

ਪਹਿਲਾਂ ਦੀ ਤਰ੍ਹਾਂ ਗੁਰੂ ਘਰ ਦੀ ਕਮੇਟੀ ਦੇ ਖਜ਼ਾਨਚੀ ਸ੍ਰੀ ਦਿਲਵਿੰਦਰ ਰੱਲ੍ਹ ਜੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਗੁਰੂ ਘਰ ਲਈ ਜਿੰਨੀ ਵੀ ਸ਼ਰਧਾ ਨਾਲ ਸੇਵਾ ਕਰ ਸਕਦੇ ਹੋ, ਜ਼ਰੂਰ ਕਰੋ ਜੀ। ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਕਿ ਸੰਗਤਾਂ ਇਸੇ ਤਰ੍ਹਾਂ ਗੁਰੂ ਘਰ ਨਾਲ ਹਮੇਸ਼ਾ ਜੁੜੀਆਂ ਰਹਿਣ ਤੇ ਹੋਰਨਾਂ ਸੰਗਤਾਂ ਨੂੰ ਲਿਆਉਣ ਦੀ ਜਿੱਥੋਂ ਤੱਕ ਕੋਸ਼ਿਸ਼ ਹੋ ਸਕੇ, ਜ਼ਰੂਰ ਕਰੋ ਜੀ।

ਫਰਵਰੀ 23 ਨੂੰ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ 637 ਪ੍ਰਕਾਸ਼ ਦਿਹਾੜਾ ਬਹੁਤ ਸ਼ਰਧਾ ਪੂਰਵਕ ਮਨਾਏ ਜਾਣਗੇ, ਉਸ ਵਾਸਤੇ ਆਪਣੇ ਸਕੇ ਸਬੰਧੀ ਤੇ ਸੱਜਣ ਮਿੱਤਰਾਂ ਨੂੰ ਲਿਆਉਣ ਦੀ ਕਿਰਪਾਲਤਾ ਕਰਨਾ ਜੀ।

ਇਸ ਉਪਰੰਤ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਮੁੱਖ ਗ੍ਰੰਥੀ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਸਟੇਜ ਦੀ ਸ੍ਰੀ ਰਾਮ ਸੇਵਕ ਭਾਟੀਆ ਜੀ ਬਾਖੂਬੀ ਨਾਲ ਨਿਭਾਈ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ ਦੀ ਤ੍ਰੈ-ਮਾਸਿਕ ਮੀਟਿੰਗ





ਕੈਲੇਫੋਰਨੀਆਂ- ਐਤਵਾਰ ਜਨਵਰੀ 26, 2014 ਨੂੰ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ ਦੀ ਤ੍ਰੈ-ਮਾਸਿਕ ਮੀਟਿੰਗ ਸਭਾ ਦੇ ਪ੍ਰਧਾਨ ਦਿਲ ਨਿੱਜਰ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਘਰ ਹੋਈ।ਸ਼ੁਰੂ ਵਿੱਚ ਦਿਲ ਨਿੱਜਰ ਨੇ ਸਭ ਨੂੰ ਜੀ ਆਇਆ ਕਿਹਾ ਅਤੇ ਨਾਲ ਹੀ ਜਸਵੰਤ ਸ਼ੀਮਾਰ ਦੇ ਪਿਤਾ ਜੀ ਦੇ ਅਕਾਲ ਚਲਾਣੇ ਤੇ ਦੁੱਖ ਪ੍ਰਗਟ ਕੀਤਾ। ਮੀਟਿੰਗ ਵਿੱਚ ਹਾਜ਼ਿਰ ਸਾਰਿਆ ਨੇ ਇੱਕ ਮਿੰਟ ਦਾ ਮੋਨ ਰੱਖ ਕੇ ਜਸਵੰਤ ਸ਼ੀਮਾਰ ਜੀ ਦੇ ਪਿਤਾ ਜੀ ਨੂੰ ਸ਼ਰਧਾਜਲੀ ਦਿੱਤੀ। ਇਸ ਤੋਂ ਉਪਰੰਤ ਕਹਾਣੀ ਦਰਬਾਰ ਵਿੱਚ ਤੇਤਿੰਦਰ ਕੌਰ ਦੀ ਕਹਾਣੀ 'ਚਿੱਤਰਲੇਖਾ' ਜੋਤੀ ਸਿੰਘ 'ਗਰੀਬੀ ਅਮੀਰਾਂ ਦਾ ਖਿਲੌਣਾ' ਹਰਨੇਕ ਸਿੰਘ 'ਡਾਕਟਰ ਦੀ ਫ਼ੀਸ' ਮਹਿੰਦਰ ਘੱਗ 'ਚੰਦਰਮਾ ਦੀ ਹਨੀਮੂਨ ਤੱਕ ਉਡਾਣ' ਅਤੇ ਜਗਤਾਰ ਸੰਧੂ ਵਲੋਂ ਵਿਚਾਰ ਵਟਾਂਦਰਾ ਕੀਤਾ ਗਿਆ। ਖਾਣੇ ਤੇ ਚਾਹ ਪਾਣੀ ਤੋਂ ਬਾਅਦ ਕਵੀ ਦਰਬਾਰ ਸ਼ੁਰੂ ਹੋਇਆ। ਜਿਸ ਵਿੱਚ ਸਟੇਜ ਸੈਕਟਰੀ ਦੀ ਸੇਵਾ ਇੰਦਰਜੀਤ ਗਰੇਵਾਲ ਵਲੋਂ ਨਿਭਾਈ ਗਈ। ਕਵੀ ਦਰਬਾਰ ਵਿੱਚ ਮਸ਼ਹੂਰ ਗੀਤਕਾਰ ਅਤੇ ਫ਼ਿਲਮੀ ਐਕਟਰ ਜਸਪਾਲ ਸਿੰਘ ਸੂਸ ਮੁੱਖ ਮਹਿਮਾਨ ਦੇ ਤੌਰ ਤੇ ਆਏ।ਇਸ ਦੇ ਨਾਲ ਹੀ ਸਾਡੇ ਬੇ-ਏਰੀਆ ਤੋਂ ਮੇਜਰ ਭੁਪਿੰਦਰ ਦਲੇਰ ਅਤੇ ਹਰਿਭਜਨ ਢਿਲੋਂ ਨੇ ਵੀ ਸਿਰਕਤ ਕੀਤੀ।

ਕਵੀ ਦਰਬਾਰ ਵਿੱਚ ਦਿਲ ਨਿੱਜਰ, ਦਲਜੀਤ ਸੂਦ, ਹਰਜਿੰਦਰ ਪੰਧੇਰ, ਹਰਬੰਸ ਸਿੰਘ ਜਗਿਆਸੂ, ਜੀਵਨ ਰੱਤੂ, ਰਾਠੇਸ਼ਵਰ ਸੂਰਾਪੁਰੀ, ਪਰਮਿੰਦਰ ਰਾਏ, ਜਸ਼ ਫ਼ਿਜ਼ਾ, ਫੱਗਣ ਧਾਮੀ, ਰਮੇਸ਼ ਬੰਗੜ, ਗੁਰਿੰਦਰ ਸੂਰਾਪੁਰੀ, ਜੋਤੀ ਸਿੰਘ, ਜਗਤਾਰ ਸੰਧੂ, ਮਹਿੰਦਰ ਸਿੰਘ ਘੱਗ, ਇੰਦਰਜੀਤ ਗਰੇਵਾਲ, ਹਰਨੇਕ ਸਿੰਘ, ਕੁਲਦੀਪ ਤੱਖਰ, ਚਰਨਜੀਤ ਢਿਲੋਂ, ਬਲਿਹਾਰ ਸਿੰਘ ਸਰਪੰਚ, ਬੱਲੀ ਅਟਵਾਲ, ਬਲਜਿੰਦਰ ਪੁਰੇਵਾਲ, ਸੁਖਦੇਵ ਬੀਂਸਲਾ, ਨੇ ਹਾਜ਼ਰੀ ਲੁਆਈ। ਪ੍ਰਧਾਨ ਦਿਲ ਨਿਜੱਰ ਵਲੋਂ ਇਕ ਵਾਰੀ ਫਿਰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ ਦੇ ਮੈਂਬਰ ਆਪਣੀਆਂ ਰਚਨਾਵਾਂ ਟਾਈਪ ਕਰਕੇ ਈ-ਮੇਲ pssc93 @gmail.com ਰਾਹੀਂ ਫ਼ਰਵਰੀ ਦੇ ਅਖੀਰ ਤੱਕ ਭੇਜਣ ਦੀ ਕ੍ਰਿਪਾਲਤਾ ਕਰਨੀ ਤਾਂ ਕਿ ਉਹ ਸੋਵੀਨਰ ਵਿੱਚ ਛਾਪੀਆਂ ਜਾ ਸਕਣ।


ਪਿਛਲੇ ਦਿਨੀਂ ਬੇ-ਏਰੀਆ ਦੀਆਂ ਚੋਣਾਂ ਨੂੰ ਮੁੱਖ ਰੱਖਦੇ ਹੋਏ ਉਘੇ ਸਿੱਖ ਆਗੂ ਇੱਕ ਮੰਚ ਤੇ ਇਕ ਆਵਾਜ਼ ਬਣ ਕੇ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ 9 ਮਾਰਚ ਨੂੰ ਹੋਣ ਜਾ ਰਹੀਆਂ ਚੋਣਾਂ ਵਿਚ ਸਰਗਰਮੀ ਨਾਲ ਭਾਗ ਲੈਣ ਦੀ ਵਚਨਬੱਧਤਾ ਦੁਹਰਾਉਂਦੇ ਹੋਇਆਂ ਦੀ ਇਕ ਯਾਦਗਾਰੀ ਤਸਵੀਰ।ਸਬੰਧਤ ਇਸ਼ਤਿਹਾਰ ਦੇਖੋ ਸਫਾ 28 ਤੇ।


ਡਾ. ਜਸਵੰਤ ਰਾਏ ਦੀ ਕਿਤਾਬ “ਕਥਾਵਾਂ ਬਿਸਤ ਦੁਆਬ ਦੀਆਂ”, “ਦੇਸ਼ ਦੁਆਬਾ” ਵੱਲੋਂ ਪ੍ਰਕਾਸ਼ਿਤ ਕਰਨ ਲਈ ‘ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ’ ਦੇ ਮੈਂਬਰਾਂ ਨੇ ਭਰਪੂਰ ਸਹਿਯੋਗ ਦਿੱਤਾ। ਤਸਵੀਰ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਕਿਤਾਬ ਪ੍ਰਦਰਸ਼ਿਤ ਕਰਦੇ ਹੋਏ (ਖੱਬੇ ਤੋਂ ਸੱਜੇ) ਸਰਵ ਸ੍ਰੀ ਰਾਕੇਸ਼ ਚੰਦਰ, ਗਿਆਨ ਚੰਦ ਕਾਜਲਾ, ਮੋਤੀ ਰਾਮ ਕਰਨਾਣਾ, ਸਰਦਾਰ ਜੀ ਅਤੇ ਹੰਸ ਰਾਜ ਕਾਜਲਾ ਜੀ। (ਫੋਟੋ ਪ੍ਰੇਮ ਕੁਮਾਰ ਚੁੰਬਰ)

# ਪੰਜਾਬ ਸਰਕਾਰ ਤੋਂ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ- ਨੰਗਲ



ਫਗਵਾੜਾ (ਬੀ.ਕੇ.ਰੱਤੂ) ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਲੋਕਸਭਾ ਹਲਕਾ ਹੁਸ਼ਿਆਰਪੁਰ ਦੇ ਇੰਚਾਰਜ ਜਰਨੈਲ ਨੰਗਲ ਨੇ ਕਿਹਾ ਕਿ ਵਿਧਾਨਸਭਾ ਚੋਣਾਂ ਤੋਂ ਪਹਿਲਾਂ ਹਲਕਾ ਵਿਧਾਇਕ ਸੋਮ ਪ੍ਰਕਾਸ਼ ਕੈਂਥ ਨੇ ਜਨਤਾ ਨਾਲ ਵਾਅਦਾ ਕੀਤਾ ਸੀ ਕਿ ਫਗਵਾੜਾ ਸ਼ਹਿਰ ਨੂੰ ਜਿਲ੍ਹੇ ਦੀਆਂ ਸਹੂਲਤਾਂ ਉਪਲਬੱਧ ਕਰਵਾਈਆਂ ਜਾਣਗੀਆਂ ਪਰ ਹੁਣ ਜਦਕਿ ਪੰਜਾਬ ਸਰਕਾਰ ਨੂੰ ਮੁੜ ਸੱਤਾ ਵਿਚ ਆਇਆਂ 2 ਸਾਲ ਹੋ ਗਏ ਹਨ ਤਾਂ ਲੋਕ ਆਪਣੇ ਆਪ ਨੂੰ ਠਗਿਆ ਹੋਇਆ ਮਹਿਸੂਸ ਕਰ ਰਹੇ ਹਨ ਕਿਉਂਕਿ ਜਿਲ੍ਹੇ ਦੀਆਂ ਸਹੂਲਤਾਂ ਤਾਂ ਬਹੁਤ ਦੂਰ ਦੀ ਗੱਲ ਹੈ ਫਗਵਾੜਾ ਨੂੰ ਵਧੀਆ ਸਬ-ਡਵੀਜ਼ਨ ਦੀਆਂ ਸਹੂਲਤਾਂ ਵੀ ਨਸੀਬ ਨਹੀਂ ਹੋ ਰਹੀਆਂ। ਲੋਕ ਦਫਤਰਾਂ ਦੇ ਚੱਕਰ ਕੱਟ ਕੇ ਪਰੇਸ਼ਾਨ ਹੋ ਰਹੇ ਹਨ। ਛੋਟੇ-ਛੋਟੇ ਕੰਮ ਵੀ ਸਰਕਾਰੀ ਵਿਭਾਗਾਂ ਵਿਚ ਨਹੀਂ ਹੋ ਰਹੇ। ਨੰਗਲ ਨੇ ਕਿਹਾ ਕਿ ਫਗਵਾੜਾ ਵਿਚ ਪਿਛਲੇ ਢਾਈ ਮਹੀਨੇ ਤੋਂ ਐਸ.ਡੀ.ਐਮ. ਦੀ ਪੋਸਟ ਖਾਲੀ ਪਈ ਹੈ ਜਦਕਿ ਕਰੀਬ ਡੇਢ ਮਹੀਨੇ ਤੋਂ ਏ.ਡੀ.ਸੀ. ਦੀ ਨਿਯੁਕਤੀ ਨਹੀਂ ਹੋ ਸਕੀ।

# ਬ੍ਰੇਸ਼ੀਆ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪ੍ਰਕਾਸ਼ ਉਤਸਵ 9 ਮਾਰਚ ਨੂੰ

ਬ੍ਰੇਸ਼ੀਆ (ਇਟਲੀ) - ਮਹਾਨ ਕ੍ਰਾਂਤੀਕਾਰੀ ਜਗਤ ਗੁਰੂ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਉਤਸਵ 9 ਮਾਰਚ ਦਿਨ ਐਤਵਾਰ ਨੂੰ ਕਾਸਤੇਲੈਟੋ ਦੀ ਲੇਨੋ ਬ੍ਰੇਸ਼ੀਆ ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਸਿੱਧ ਕੀਰਤਨੀ ਜਥਾ ਭਾਈ ਸਤਨਾਮ ਸਿੰਘ ਮੋਦੇਨਾ ਅਤੇ ਕਥਾ ਵਾਚਕ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨੀ ਤੇ ਚਾਨਣਾ ਪਾਉਣਗੇ। ਐਤਵਾਰ 9 ਮਾਰਚ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸਵੇਰੇ 9 ਵਜੇ ਆਰੰਭ ਹੋਣਗੇ ਅਤੇ ਭੋਗ 11 ਵਜੇ ਪੈਣਗੇ। ਸ੍ਰੀ ਗੁਰੂ ਰਵਿਦਾਸ ਮਿਸ਼ਨ ਬ੍ਰੇਸ਼ੀਆ ਵੱਲੋਂ ਆਯੋਜਿਤ ਪ੍ਰਕਾਸ਼ ਦਿਹਾੜੇ ਦੇ ਸਮਾਗਮਾਂ ਦਰਮਿਆਨ ਦੁਪਹਿਰੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਸੰਤ ਰਾਮਾਨੰਦ ਜੀ ਦੇ ਜੀਵਨ ਫ਼ਲਸਫ਼ੇ ਤੋਂ ਸਿੱਖਣ ਦੀ ਲੋੜ



ਇਟਲੀ -ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਦੁਨੀਆ ਭਰ ਵਿੱਚ ਪ੍ਰਚਾਰਨ ਵਾਲੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਨੂੰ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾ 'ਦਾ ਪ੍ਰਗਟਾਵਾ ਮਿਸ਼ਨਰੀ ਪ੍ਰਚਾਰਕ ਦਲਜੀਤ ਸਿੰਘ ਖਾਨਖਾਨਾ (ਇੰਗਲੈਂਡ) ਨੇ ਸ਼੍ਰੀ ਗੁਰੂ ਰਵਿਦਾਸ ਟੈਂਪਲ ਸਬਾਊਦੀਆ (ਲਾਤੀਨਾ) ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਏ ਸ਼ਹੀਦ ਸੰਤ ਰਾਮਾਨੰਦ ਜੀ ਦੇ 62ਵੇਂ ਜਨਮ ਦਿਨ ਅਤੇ ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ 'ਅੰਮ੍ਰਿਤ ਬਾਣੀ' ਦੀ 5ਵੀਂ ਵਰ੍ਹੇਗੰਢ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਅੱਜ ਸਮੂਹ ਸੰਗਤਾਂ ਨੂੰ ਸ਼ਹੀਦ ਸੰਤ ਰਾਮਾਨੰਦ ਜੀ ਦੇ ਜੀਵਨ ਫ਼ਲਸਫ਼ੇ ਤੋਂ ਸਿੱਖਣ ਦੀ ਸਖ਼ਤ ਲੋੜ ਹੈ। ਸੰਤ ਰਾਮਾਨੰਦ ਜੀ ਕੌਮ ਦੇ ਉਹ ਸੰਤ ਸਨ, ਜਿਨ੍ਹਾਂ 'ਤੇ ਪੂਰੀ ਕੌਮ ਨੂੰ ਮਾਣ ਹੈ। ਇਸ ਮੌਕੇ ਗੁਰਨਾਮ ਸੁੰਮਨ, ਪਰਮਜੀਤ ਰਾਏ, ਤੀਰਥ ਚੁੰਬਰ, ਪਰਗਣ ਸਹੂੰਗੜਾ, ਸਤਪਾਲ, ਨਰ ਮੋਹਣ ਲਾਖਾ ਅਤੇ ਗੁਰਦੇਵ ਚੰਦ ਆਦਿ ਆਗੂਆਂ ਨੇ ਸ਼ਹੀਦ ਸੰਤ ਰਾਮਾਨੰਦ ਜੀ ਦੇ ਜਨਮ ਦਿਨ ਦੀ ਖੁਸ਼ੀ ਸੰਗਤਾਂ ਨਾਲ ਸਾਂਝੀ ਕਰਦਿਆਂ ਇੱਕ ਕੇਕ ਵੀ ਕੱਟਿਆ। ਇਸ ਮੌਕੇ ਆਰੰਭੇ ਆਖੰਡ ਪਾਠਾਂ ਦੇਭੋਗ ਉਪੰਰਤ ਸਜਾਏ ਕੀਰਤਨ ਦਰਬਾਰ ਵਿੱਚ ਭਾਰਤ ਤੋਂ ਪਹੁੰਚੇ ਜੱਥੇ ਮਾਸਟਰ ਸੌਰਭ, ਮਾਸਟਰ ਗੌਰਭ ਅਤੇ ਗਿਆਨੀ ਜਸਵੀਰ ਸਿੰਘ ਸਹੋਤਾ ਨੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਬਲਰਾਜ, ਜੀਤ ਸਲੇਮਪੁਰੀ, ਮਨੋਹਰ ਧੰਨੋਵਾਲੀ, ਸੌਦਾਗਰ ਕਲਸੀ, ਸਵਰਨ ਗੇੜਾ, ਪੰਮਾ ਰਾਹੋ ਅਤੇ ਮੌਸਮੀ ਸੁੰਮਨ ਭੈਣਾਂ ਨੇ ਵੀ ਗੁਰੂ ਮਹਿਮਾ ਦਾ ਗੁਣਗਾਨ ਕੀਤਾ। ਪ੍ਰਬੰਧਕਾਂ ਨੇ ਇਸ ਮੌਕੇ ਆਏ ਮਹਿਮਾਨਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

## ਵਰਲਡ ਸਿੱਖ ਫੈਡਰੇਸ਼ਨ ਗੁਰੂ ਰਵਿਦਾਸ ਜੀ ਦਾ ਗੁਰਪੂਰਬ ਦਿਵਸ ਮਨਾਏਗੀ

ਸੈਨਹੋਜ਼ੇ (ਗੁਰਮੀਤ ਸਿੰਘ ਬਰਸਾਲ)- ਗੁਰਦਵਾਰਾ ਸਿੰਘ ਸਭਾ ਬੇ-ਏਰੀਆ (ਮਿਲਪੀਟਸ) ਵਿਖੇ 16 ਫਰਵਰੀ ਨੂੰ ਵਰਲਡ ਸਿੱਖ ਫੈਡਰੇਸ਼ਨ ਵਲੋਂ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਵਸ ਮਨਾਇਆ ਜਾਵੇਗਾ। ਵਰਲਡ ਸਿੱਖ ਫੈਡਰੇਸ਼ਨ ਵਲੋਂ ਗੁਰ-ਸ਼ਬਦ ਦੇ ਲੰਗਰ ਦੇ ਨਾਲ ਗੁਰੂ ਰਵਿਦਾਸ ਜੀ ਅਤੇ ਉਹਨਾਂ ਦੀਆਂ ਸਿਖਿਆਵਾਂ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਵਰਲਡ ਸਿੱਖ ਫੈਡਰੇਸ਼ਨ ਦੇ ਸੇਵਾਦਾਰਾਂ ਨੇ ਦੁਨੀਆਂ ਦੇ ਸਮੂਹ ਗੁਰਦੁਆਰਿਆਂ ਨੂੰ ਅਲੱਗ-ਅਲੱਗ ਡੇਰੇਦਾਰਾਂ/ਬਾਬਿਆਂ ਦੇ ਮਨਾਏ ਜਾ ਰਹੇ ਜਨਮ ਦਿਨਾਂ ਦੀ ਜਗਾ ਮੰਨੂ ਦੇ ਫੈਲਾਏ ਜਾਤ-ਪਾਤ ਸਿਸਟਮ ਤੋਂ ਕਿਨਾਰਾ ਕਰਕੇ ਗੁਰਮਤਿ ਦੀ ਦਰਸਾਈ ਸ਼ਾਂਝੀਵਾਲਤਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰਬਾਣੀ ਰਚੇਤਾ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦਿਹਾੜੇ ਮਨਾਉਣ ਦੀ ਅਪੀਲ ਕੀਤੀ ਹੈ।

## ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਵੱਲੋਂ ਉਘੇ ਲੇਖਕ ਸ੍ਰੀ ਹਰਿੰਦਰ ਸਿੰਘ ਬੀਂਸਲਾ ਨਾਲ ਸਾਹਿਤਕ ਮਿਲਣੀ

ਕੈਲੀਫੋਰਨੀਆ- ਪੰਜਾਬੀ ਗੀਤਕਾਰੀ ਮੰਚ ਕੈਲੇਫੋਰਲੀਆ ਵਲੋਂ 15 ਫਰਵਰੀ ਦਿਨ ਸ਼ਨੀਵਾਰ ਨੂੰ ਸ਼ਾਮੀ 4 ਵਜੇ ਤੋਂ ਲੈ ਕੇ 6 ਵਜੇ ਤੱਕ ਸ੍ਰੀ ਗੁਰੂ ਰਵਿਦਾਸ ਸਭਾ ਰਿਓ ਲਿੰਡਾ ਗੁਰੂ ਘਰ ਦੇ ਮੀਟਿੰਗ ਹਾਲ ਵਿਚ ਉਘੇ ਲੇਖਕ ਹਰਿੰਦਰ ਸਿੰਘ ਬੀਸਲਾ ਨਾਲ ਸਾਹਿਤਕ ਮਿਲਣੀ ਹੋ ਰਹੀ ਹੈ। ਹਰਿੰਦਰ ਸਿੰਘ ਬੀਸਲਾ ਪੰਜਾਬੀ ਸਾਹਿਤ ਸਭਾ ਬੰਗਾ ਦੇ ਲੰਮੇ ਸਮੇਂ ਤੱਕ ਪ੍ਰਧਾਨ ਰਹਿ ਚੁੱਕੇ ਹਨ। ਇਹਨਾਂ ਨੇ ਪਹਿਲੀ ਵਾਰ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੀ ਸਾਹਿਤਕ ਸ਼ਾਇਰੀ ਨੂੰ ਉਹਨਾਂ ਦੀ ਆਪਣੀ ਆਵਾਜ਼ ਵਿਚ ਰਿਕਾਰਡ ਕਰਕੇ ਸਰੋਤਿਆਂ ਦੇ ਰੂਬਰੂ ਕੀਤਾ, ਜਿਸ ਨਾਲ ਇਕ ਨਵੀਂ ਪਿਰਤ ਤੁਰੀ। ਹਰਿੰਦਰ ਸਿੰਘ ਬੀਸਲਾ ਸਿਰਫ ਮਨੁੱਖਤਾਵਾਦੀ ਹੀ ਨਹੀਂ ਸਗੋਂ ਇਹਨਾਂ ਨੂੰ ਪੰਜਾਬ ਰਹਿੰਦਿਆਂ ਸਮਾਜ ਦੇ ਦੱਬੇ ਕੁਚਲੇ ਲੋਕਾਂ ਲਈ ਉਸਾਰੂ ਕੰਮ ਕਰਨ ਵਾਲੇ ਕਾਰਕੁੰਨ ਵਜੋਂ ਵੀ ਜਾਣਿਆ ਜਾਂਦਾ ਹੈ। ਸੋ ਮੰਚ ਦੇ ਸਮੂਹ ਮੈਂਬਰਾਂ, ਭਰਾਤਰੀ ਜਥੇਬ-ਦੀਆਂ ਅਤੇ ਹੋਰ ਸਾਹਿਤਕ ਪ੍ਰੇਮੀਆਂ ਨੂੰ ਇਸ ਸਾਹਿਤਕ ਮਿਲਣੀ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ ਲਈ 916-613-0577 ਤੇ ਸੰਪਰਕ ਕੀਤਾ ਜਾ ਸਕਦਾ ਹੈ। -ਮੱਖਣ ਲੁਹਾਰ, ਪ੍ਰਧਾਨ

# ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਪੈਂਤੀਵਾਂ ਧਾਰਮਿਕ ਕਵੀ ਦਰਬਾਰ ਸੰਪੰਨ ਹੋਇਆ



ਫਰੀਮਾਂਟ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ)- ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਨੂੰ ਗੁਰਦੁਆਰਿਆਂ ਵਿਚ ਪ੍ਰਚੱਲਿਤ ਕਰਨ ਦੇ ਆਸ਼ੇ ਨਾਲ ਵੱਖ ਵੱਖ ਗੁਰੂ ਘਰਾਂ ਵਿਚ ਹਫਤਾਵਾਰੀ ਧਾਰਮਿਕ ਕਵੀ ਦਰਬਾਰਾਂ ਦੇ ਪ੍ਰੋਗਰਾਮਾਂ ਦੀ ਲੜੀ ਵਿਚ ਪੈਂਤੀਵਾਂ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਜਨਮ ਦਿਨ ਬਾਬਾ ਦੀਪ ਸਿੰਘ ਜੀ ਨੂੰ ਸਮਰਪਿਤ, ਬੜੀ ਸ਼ਰਧਾ ਨਾਲ ਸੰਪੰਨ ਹੋਇਆ। ਮਿਸ਼ਨ ਵੱਲੋਂ ਸਜਾਏ ਗਏ ਧਾਰਮਿਕ ਕਵੀ ਦਰਬਾਰ ਵਿਚ ਬਾਬਾ ਦੀਪ ਸਿੰਘ ਜੀ ਦੀ ਬਹਾਦਰੀ ਨੂੰ ਦਰਸਾਉਂਦੀਆਂ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਤਰਸੇਮ ਸਿੰਘ ਸੁਮਨ, ਬੀਬੀ ਗੁਰਦੇਵ ਕੌਰ, ਪ੍ਰੋ. ਸੁਰਜੀਤ ਸਿੰਘ ਨਨੂਆ ਆਦਿ ਕਵੀ ਸ਼ਾਮਲ ਹੋਏ। ਮੰਚ ਸੰਚਾਲਨ ਹਮੇਸ਼ਾ ਵਾਂਗ ਸ੍ਰੀ ਪ੍ਰਵਾਨਾ ਵੱਲੋਂ ਕੀਤਾ ਗਿਆ। ਪ੍ਰਬੰਧਕਾਂ ਅਤੇ ਸੁਹਿਰਦ ਸੰਗਤਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਧਾਰਮਿਕ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਕ ਯਾਦਗਾਰੀ ਤਸਵੀਰ ਨਾਲ ਫਤਿਹ ਬੁਲਾਈ ਗਈ। ਮਿਸ਼ਨ ਕੋਲ ਦੂਰ ਦੁਰਾਡੇ ਜਾ ਕੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਕਰਨ ਦੀ ਵਿਵਸਥਾ ਹੈ। ਹੋਰ ਜਾਣਕਾਰੀ ਲਈ 510-415-9373 ਤੇ ਸੰਪਰਕ ਕੀਤਾ ਜਾ ਸਕਦਾ ਹੈ।

## 65 ਵਾਂ ਗਣਤੰਤਰ ਦਿਵਸ ਰਾਹੁਲ ਬੁੱਧ ਵਿਹਾਰ ਅਤੇ ਗ੍ਰਾਮ ਪੰਚਾਇਤ ਸੋਫੀ ਪਿੰਡ ਵਲੋ ਮਨਾਇਆ ਗਿਆ

ਜਲੰਧਰ- ਰਾਹੁਲ ਬੁੱਧ ਵਿਹਾਰ ਸੌਫੀ ਪਿੰਡ ਦੀ ਪ੍ਰਬੰਧਕ ਕਮੇਟੀ ਅਤੇ ਗ੍ਰਾਮ ਪੰਚਾਇਤ ਸੌਫੀ ਪਿੰਡ ਵਲੋਂ 65 ਵੇਂ ਗਣਤੰਤਰ ਦਿਵਸ ਅਤੇ ਸੰਵਿਧਾਨ ਸਮਰਪਿਤ ਦਿਵਸ ਦੇ ਸਬੰਧ ਵਿੱਚ 26 ਜਨਵਰੀ ਨੂੰ ਅਫਸਰ ਕਲੋਨੀ ਸੋਫੀ ਪਿੰਡ ਵਿਖੇ ਵਿਸੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਉਘੇ ਅੰਬੇਡਕਰੀ ਸ੍ਰੀ ਲਾਹੌਰੀ ਰਾਮ ਬਾਲੀ ਸੰਪਾਦਕ ਭੀਮ ਪੱਤਰਕਾ ਮੁੱਖ ਮਹਿਮਾਨ ਅਤੇ ਪ੍ਰੋਫੈਸਰ ਜੀ. ਸੀ ਕੌਲ ਵਿਸੇਸ ਮਹਿਮਾਨ ਵਜੋਂ ਪਹੁੰਚੇ। ਕੌਮੀ ਝੰਡੇ ਨੂੰ ਲਹਿਰਾਉਣ ਦੀ ਰਸਮ ਰਾਹੁਲ ਬੁੱਧ ਵਿਹਾਰ ਦੇ ਭੰਤੇ ਸ੍ਰੀ ਸਤਿਆ ਸ਼ੀਲ, ਪ੍ਰਧਾਨ ਸ੍ਰੀ ਧਰਮ ਪਾਲ ਪ੍ਰਧਾਨ ਰਾਹੁਲ ਬੁੱਧ ਵਿਹਾਰ ਅਤੇ ਸਮੂਹ ਕਮੇਟੀ ਮੈਬਰਾ, ਮੁੱਖ ਮਹਿਮਾਨ ਸ੍ਰੀ ਲਾਹੋਰੀ ਰਾਮ ਬਾਲੀ ਅਤੇ ਪ੍ਰੋਫੈਸਰ ਜੀ. ਸੀ ਕੌਲ, ਪ੍ਰਿੰਸੀਪਲ ਸੀਨੀਅਰ ਸੈਕੰਡਰੀ ਸਕੂਲ ਸੋਫੀ ਪਿੰਡ ਅਤੇ ਸਮੂਹ ਸਟਾਫ ਮੈਬਰ, ਸ੍ਰੀ ਸੁੰਦਰ ਲਾਲ ਸਰਪੰਚ ਅਤੇ ਸਮੂਹ ਗ੍ਰਾਮ ਪੰਚਾਇਤ ਮੈਂਬਰ, ਸ੍ਰੀ ਅਮਿਤ ਸਾਪਲਾ, ਸ੍ਰੀ ਜਗਦੀਸ ਰਾਣਾ ਸਮਤਾ ਸੈਨਿਕ ਦਲ ਅਤੇ ਸ੍ਰੀ ਤਰਲੋਕ ਸਾਪਲਾ ਵਲੋਂ ਕੀਤਾ ਗਿਆ। ਭੰਤੇ ਸ੍ਰੀ



ਸਤਿਆ ਸੀਲ ਨੇ ਸਮਾਗਮ ਦੀ ਸ਼ੁਰੂਆਤ ਪੰਚਸੀਲ ਨਾਲ ਕੀਤੀ। ਉਸ ਤੋਂ ਉਪੰਰਤ ਸਕੂਲ ਦੇ ਬੱਚਿਆ ਨੇ ਰਾਸਟਰੀ ਗੀਤ ਗਾਇਆ। ਸਾਰੇ ਹੀ ਬੁਲਾਰਿਆ ਨੇ ਗਣਤੰਤਰ ਦਿਵਸ ਬਾਰੇ ਆਪਣੇ-ਆਪਣੇ ਵਿਚਾਰ ਪੇਸ ਕੀਤੇ। ਉਘੇ ਅੰਬੇਡਕਰੀ ਸ੍ਰੀ ਲਾਹੋਰੀ ਰਾਮ ਬਾਲੀ ਨੇ ਬਾਬਾ ਸਾਹਿਬ ਬੀ.ਆਰ. ਅੰਬੇਡਕਰ ਜੀ ਦੇ ਜੀਵਨ ਵਾਰੇ ਵਿਸਥਾਰ ਪੂਰਵਕ ਆਪਣੇ ਵਿਚਾਰ ਪੇਸ਼ ਕੀਤੇ ਅਤੇ ਉਹਨਾ ਨੇ ਆਪਣੇ ਭਾਸ਼ਣ ਵਿੱਚ ਦੇਸ਼ ਵਿੱਚ ਨਾਰੀ ਜਾਤੀ ਦੀ ਸੁਰੱਖਿਆ ਤੇ ਬਹੁਤ ਚਿੰਤਾ ਜਾਹਰ ਕੀਤੀ ਅਤੇ ਕਿਹਾ ਕਿ ਜਿਸ ਦੇਸ਼ ਦੇ ਰਾਸ਼ਟਰਪਤੀ ਦੇ ਪ੍ਰਾਤ ਵਿੱਚ ਲੜਕੀ ਨਾਲ ਸਮੂਹਿਕ ਬਲਾਤਕਾਰ ਕਰਨ ਦਾ ਫੈਸਲਾ ਪੰਚਾਇਤ ਕਰਦੀ ਤਾ ਉਸ ਦੇਸ਼ ਦਾ ਕੀ ਬਨੇਗਾ ?ਲੜਕੀ ਦਾ ਦੋਸ਼ ਸਿਰਫ ਇਹ ਸੀ ਕਿ ਉਸਨੇ ਆਪਣੀ ਮਰਜੀ ਨਾਲ ਵਿਆਹ ਕਰਵਾਇਆ ਸੀ। ਪ੍ਰੋਫੈਸਰ ਜੀ. ਸੀ. ਕੌਲ ਨੇ ਦੱਸਿਆ ਕਿ ਸ੍ਰੀ ਰਤਨ ਲਾਲ ਸਾਪਲਾ, ਫਾਉਡਰ ਚੇਅਰਮੈਨ ਰਾਹੁਲ ਬੁਧ ਵਿਹਾਰ ਪ੍ਰਬੰਧਕ ਕਮੇਟੀ ਸੋਫੀ ਪਿੰਡ ਦਾ ਅੰਤਰਰਾਸਟਰੀ ਪੱਧਰ ਦਟ ਅੰਬੇਡਕਰੀਆ ਦੇ ਬਰਾਬਰ ਦੀ ਸੋਚ ਵਾਲੇ ਦੱਸਿਆ। ਸ੍ਰੀ ਤਰਲੋਕ ਸਾਂਪਲਾ ਜੀ ਨੇ ਵੀ ਬਾਬਾ ਸਾਹਿਬ ਅੰਬੇਡਕਰ ਜੀ ਦੇ ਜਲੰਧਰ ਫੇਰੀ ਦੋਰਾਨ 1952 ਦੋਰਾਨ ਸੋਫੀ ਪਿੰਡ ਦੇ ਬਜੁਰਗਾ ਜਿਹਨਾਂ ਸੰਮਤਾ ਸੈਨਿਕ ਦਲ ਵਿੱਚ ਅੰਬੇਡਕਰ ਜੀ ਦੀ ਸੁਰੱਖਿਆ ਦਾ ਜਿਮਾ ਆਪਣੇ ਸਿਰ ਚੁਕਿਆ ਸੀ। ਮੰਚ ਦਾ ਸੰਚਾਲਨ ਸ੍ਰੀ ਧਰਮ ਪਾਲ ਪ੍ਰਧਾਨ ਰਾਹੁਲ ਬੁੱਧ ਵਿਹਾਰ ਅਤੇ ਅਰੁਨ ਸਾਪਲਾ ਸੈਕਟਰੀ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਇਆ। ਪ੍ਰੋਗਰਾਮ ਵਿੱਚ ਐਸੋਸੀਏਸਨ ਆਫ ਵੰਲਟੀਅਰ ਫਾਰ ਸਟੂਡੈਟਸ ਰਾਈਟ ਦੇ ਕਨਵੀਨਰ ਸ੍ਰੀ ਰਾਜੇਸ਼ ਕੁਮਾਰ ਅਤੇ ਸ੍ਰੀ ਸੁਰਿੰਦਰ ਕੁਮਾਰ ਵੀ ਉਚੇਚੇ ਤੌਰ ਤੇ ਪਹੁਚੇ। ਅੰਤ ਵਿੱਚ ਸਰਪੰਚ ਅਤੇ ਰਾਹੁਲ ਬੁੱਧ ਵਿਹਾਰ ਦੀ ਕਮੇਟੀ ਵਲੋਂ ਆਏ ਹੋਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਜਿਹਨਾਂ ਬੱਚਿਆਂ ਨੇ ਸਟੇਜ ਤੋਂ ਬੋਲਿਆ ਸਾਰੇ ਬੱਚਿਆਂ ਨੂੰ ਸ੍ਰੀ ਰਤਨ ਲਾਲ ਸਾਪਲਾ ਵਲੋਂ ਕੈਂਸ ਪ੍ਰਾਈਜ ਨਾਲ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਸਰਪੰਚ ਸ੍ਰੀ ਸੁੰਦਰ ਲਾਲ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਲੱਗਰ ਵੀ ਵਰਤਾਇਆ ਗਿਆ।

# ਪਰਮਿੰਦਰ ਸਿੰਘ ਸ਼ੇਰਗਿਲ ਦਾ ਅੰਤਮ ਸਸਕਾਰ

## ਪੁਲੀਸ ਨੂੰ ਦਿੱਤੇ ਸਦੀਆਂ ਪੁਰਾਣੇ ਅਧਿਕਾਰਾਂ ਨੂੰ ਖਤਮ ਕੀਤਾ ਜਾਵੇ-ਧੂਤ

ਮਿਲਪੀਟਸ (ਕੈਲੀਫੋਰਨੀਆ)- ਪਿਛਲੇ ਦਿਨੀਂ ਲੋਡਾਈ ਸ਼ਹਿਰ ਦੀ ਪੁਲੀਸ ਵਲੋਂ ਗੋਲੀਆਂ ਨਾਲ ਮਾਰੇ ਗਏ ਪਰਮਿੰਦਰ ਸਿੰਘ ਸ਼ੇਰਗਿਲ ਦਾ ਲੋਡਾਈ ਸ਼ਹਿਰ ਦੇ ਚੇਰੋਕੀ ਮੈਮੋਰੀਅਲ ਫਿਊਨਰਲ ਹੋਮ ਵਿਖੇ ਅੰਤਿਮ ਸਸਕਾਰ ਕਰ ਦਿਤਾ ਗਿਆ।ਇਸ ਮੌਕੇ ਤੇ ਸੈਕੜੇ ਪੰਜਾਬੀ ਕਮਿਊਨਿਟੀ ਦੇ ਆਗੂਆਂ ਤੋਂ ਇਲਾਵਾ ਬਹੁਤ ਸਾਰੇ ਸਰਕਾਰੀ ਅਧਿਕਾਰੀ ਤੇ ਸਿਆਸਤਦਾਨ ਵੀ ਸ਼ਾਮਲ ਹੋਏ।ਇਸ ਮੌਕੇ ਤੇ ਇਕੱਤਰ ਹੋਏ ਲੋਕਾਂ ਨੂੰ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ, ਲੋਡਾਈ ਗੁਰੂਦੁਆਰਾ ਸਾਹਿਬ ਦੀ ਪਰਬੰਧਕ ਕਮੇਟੀ ਦੇ ਚੇਅਰਮੈਨ ਸ਼੍ਰੀ ਢੱਟ, ਸਟਾਕਟਨ ਗੁਰੂਦੁਆਰਾ ਸਾਹਿਬ ਦੇ ਸਾਬਕਾ ਪਰਧਾਨ ਮਨਜੀਤ ਸਿੰਘ ਉਪਲ ਤੋਂ ਇਲਾਵਾ ਬਹੁਤ ਸਾਰੇ ਅਮਰੀਕਨ ਅਧਿਕਾਰੀਆਂ ਨੇ ਸੰਬੋਧਨ ਕੀਤਾ। ਨਾਪਾ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਪੁਲੀਸ ਹਥੋਂ ਮਾਰੇ ਗਏ ਪਰਮਿੰਦਰ ਸਿੰਘ ਗਿਲ ਦੀ ਮੌਤ ਉਪਰ ਡੂੰਘੇ ਅਫਸੋਸ ਦਾ ਪਰਗਟਾਵਾ ਕਰਦਿਆਂ ਕਿਹਾ ਕਿ ਅਜ ਲੋੜ ਇਸ ਗਲ ਦੀ ਹੈ ਕਿ ਪੁਲੀਸ ਅਧਿਕਾਰੀਆਂ ਨੂੰ ਕਿਸੇ ਵੀ ਆਦਮੀ ਨੂੰ ਮਾਰ ਦੇਣ ਦੇ



ਦਿਤੇ ਗਏ ਅਧਿਕਾਰ ਤੁਰੰਤ ਖਤਮ ਕੀਤੇ ਜਾਣ। ਸ: ਧੂਤ ਨੇ ਕਿਹਾ ਕਿ ਪੁਲੀਸ ਨੂੰ ਇਹ ਅਧਿਕਾਰ ਸਦੀਆਂ ਪਹਿਲਾਂ ਉਸ ਵਕਤ ਦਿਤੇ ਗਏ ਸਨ ਜਦ ਇਥੇ ਕੌਅ ਬੁਆਏ ਆਪਣੇ ਹੱਥਾਂ ਵਿਚ ਹਰ ਵਕਤ ਹਥਿਆਰ ਲਈ ਫਿਰਦੇ ਸਨ ਪਰ ਹੁਣ ਇਕੀਵੀਂ ਸੱਦੀ ਵਿਚ ਪੁਲੀਸ ਨੂੰ ਦਿਤੇ ਗਏ ਅਜਿਹੇ ਅਧਿਕਾਰ ਤੁਰੰਤ ਖਤਮ ਕਰਨੇ ਚਾਹੀਦੇ ਹਨ। ਵੈਰਾਗਮਈ ਮਾਹੌਲ ਵਿਚ ਬੈਠੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ: ਢੱਟ ਨੇ ਇਸ ਗੱਲ ਦਾ ਦੁਖ ਪਰਗਟ ਕੀਤਾ ਕਿ ਪਰਮਿੰਦਰ ਸਿੰਘ ਸ਼ੇਰਗਿਲ ਦਾ ਕਤਲ ਉਹਨਾਂ ਲੋਕਾਂ ਵਲੋਂ ਕੀਤਾ ਗਿਆ ਜਿਹਨਾਂ ਅਧਿਕਾਰੀਆਂ ਨੇ ਲੋਕਾਂ ਦੀ ਜਾਨ ਮਾਲ ਦੀ ਰਖਿਆ ਕਰਨੀ ਹੁੰਦੀ ਹੈ। ਸਿਖ ਓਗੂ ਮਨਜੀਤ ਸਿੰਘ ਉਪਲ ਨੇ ਬੋਲਦਿਆਂ ਇਸ ਗਲ ਤੇ ਦੁਖ ਪਰਗਟ ਕੀਤਾ ਕਿ ਜਿਸ ਵਿਅਕਤੀ ਨੇ ਅਮਰੀਕੀ ਫੌਜ ਵਿਚ ਸ਼ਾਂਨਦਾਰ ਸੇਵਾ ਕੀਤੀ ਉਸਨੂੰ ਆਪਣੇ ਹੀ ਦੇਸ਼ ਦੀਆਂ ਸੁਰੱਖਿਆ ਅਧਿਕਾਰੀਆਂ ਵਲੋਂ ਮੌਤ ਦੇ ਘਾਟ ਉਤਾਰ ਦਿਤਾ ਗਿਆ। ਇਸ ਤੋਂ ਪਹਿਲਾਂ ਪਰਮਿੰਦਰ ਸਿੰਘ ਸ਼ੇਰਗਿਲ ਦੀ ਮ੍ਰਿਤਕ ਦੇਹ ਅਮਰੀਕੀ ਝੰਡੇ ਵਿਚ ਲਪੇਟੀ ਹੋਈ ਸਰਕਾਰੀ ਸਨਮਾਨਾਂ ਨਾਲ ਸ਼ਮਸ਼ਾਂਨਘਾਟ ਵਿਖੇ ਲਿਆਂਦੀ ਗਈ ਜਿਸ ਦਾ ਬਾਅਦ ਵਿਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ ਕਰ ਦਿਤਾ ਗਿਆ।

# ਸਮਾਜ ਸੇਵਾ ਨੂੰ ਸਮਰਪਿਤ ਬਿਸ਼ਨ ਸਿੰਘ ਪਟਵਾਰੀ

ਕੁਝ ਵਿਅਕਤੀ ਆਪਣੇ ਪਰਿਵਾਰ ਦੇ ਨਾਂ ਨਾਲ ਸਮਾਜ ਪ੍ਰਤੀ ਵੀ ਸਦਾ ਹੀ ਫਿਕਰਮੰਦ ਰਹਿੰਦੇ ਹਨ। ਅਜਿਹੀ ਹੀ ਸ਼ਖਸੀਅਤ ਸਨ ਸ. ਬਿਸ਼ਨ ਸਿੰਘ ਪਟਵਾਰੀ। ਆਪ ਜੀ ਦਾ ਜਨਮ ਸੰਨ 1931 ਵਿਚ ਸ. ਸ਼ਰਧਾ ਸਿੰਘ ਦੇ ਘਰ ਵਿਖੇ ਸ੍ਰੀਮਤੀ ਸੁਖਦੇਈ ਦੀ ਕੁੱਖੋਂ ਪਿੰਡ ਹੱਪੋਵਾਲ (ਬੰਗਾ) ਵਿਖੇ ਹੋਇਆ। ਸ. ਬਿਸ਼ਨ ਸਿੰਘ ਨੇ ਆਪਣੀ ਮੁਢਲੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ ਹੀਉਂ ਤੋਂ ਪ੍ਰਾਪਤ ਕੀਤੀ। ਦਸਵੀਂ ਤੱਕ ਦੀ ਸਿੱਖਿਆ ਡੀ. ਈ. ਹਾਈ ਸਕੂਲ (ਹੁਣ ਸਰਕਾਰੀ) ਸਕੈਂਡਰੀ ਸਕੂਲ ਬੰਗਾ ਤੋਂ ਪ੍ਰਾਪਤ ਕੀਤੀ। ਆਪ ਜੀ ਦਾ ਵਿਆਹ ਪਿੰਡ ਬੈਂਸਾਂ ਵਿਖੇ ਸ੍ਰੀ ਰਾਮਾ ਜੀ ਦੀ ਸਪੁੱਤਰੀ ਬੀਬੀ ਪ੍ਰੀਤਮ ਕੌਰ ਨਾਲ ਹੋਇਆ। ਆਪ ਜੀ ਦੇ ਸੁਰਿੰਦਰ ਸਿੰਘ ਸ਼ੀਮਾਰ, ਕੁਲਵਿੰਦਰ ਸਿੰਘ ਸ਼ੀਮਾਰ, ਜਸਵੰਤ ਸਿੰਘ ਸ਼ੀਮਾਰ, ਸੁਮਨ-ਜੀਤ ਕੌਰ, ਅਮਰਜੀਤ ਕੌਰ ਅਤੇ ਕੁਲਵੀਰ ਕੌਰ ਬੇਟੇ ਅਤੇ ਬੇਟੀਆਂ ਨੇ ਉਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵੱਖ ਵੱਖ ਖੇਤਰਾਂ ਵਿਚ ਨਾਮਣਾ ਖੱਟਿਆ। ਆਪ ਨੇ ਲੰਮਾ ਸਮਾਂ ਮਾਲ ਵਿਭਾਗ ਪੰਜਾਬ ਵਿਚ ਪਟਵਾਰੀ ਵਜੋਂ ਸੇਵਾ



ਕਰਨ ਤੋਂ ਬਾਅਦ ਪਿੰਡ ਹੱਪੋਵਾਲ ਦੇ ਸਰਪੰਚ ਚੁਣੇ ਜਾਣ ਤੇ ਪਿੰਡ ਵਿਚ ਬਹੁਤ ਸਾਰੇ ਵਿਕਾਸ ਦੇ ਕੰਮ ਕਰਵਾਏ। ਆਪ ਜੀ 15 ਜਨਵਰੀ 2014 ਨੂੰ ਸਵਰਗ ਸਿਧਾਰ ਗਏ। ਉਹਨਾਂ ਦੀ ਯਾਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਤੋਂ ਬਾਅਦ ਅੰਤਿਮ ਅਰਦਾਸ 29 ਜਨਵਰੀ 2014 ਨੂੰ ਬਾਅਦ ਦੁਪਹਿਰ ਇਕ ਵਜੇ ਸ੍ਰੀ ਗੁਰੂ ਰਵਿਦਾਸ ਮੰਦਰ ਪਿੰਡ ਹੱਪੋਵਾਲ ਵਿਖੇ ਅਦਾ ਕੀਤੀ ਗਈ।

– ਨਰਿੰਦਰ ਮਾਹੀ

## ਪਹਿਲੀ ਕਿਸ਼ਤ

# ਯੋਗਾ ਗੁਰੂ ਅਪੂਰਜਿੱਤ ਨਾਰੀ



ਲੇਖਕ: ਚਰਨ ਆਨੰਦ
(510-785-0240)

ਦੁਰਗੇਸ਼ਵਰੀ, ਮਹੇਸ਼ਵਰੀ, ਰਾਜੇਸ਼ਵਰੀ, ਵੈਸ਼ਨਵੀ, ਬ੍ਰਾਹਮਣੀ, ਇੰਦਰਾਣੀ ਔਰ ਨਰਸਿੰਗਹੀ, ਇਹ ਸਭ ਇਸਤਰੀ ਸ਼ਕਤੀ ਮਾਤਾਏਂ ਹੈਂ, ਜੋ ਇਸ ਅਭਿਨਾਸ਼ੀ ਜਗਤ ਕੋ ਵਿਧੀ ਪੂਰਵਕ ਚਲਾਨੇ ਕਾ ਭਾਰ ਅਪਨੇ ਕੰਧੋਂ ਪਰ ਉਠਾਏ ਹੂਏ ਹੈਂ। ਇਨਹੇ ਬ੍ਰਹਮਾ ਕਾ ਵਰਦਾਨ ਹੈ, ਯਹ ਸਰਵਵਿਆਪੀ ਹੈਂ, ਸਰਬਸ਼ਕਤੀਮਾਨ ਹੈਂ, ਪਾਪ ਇੰਨਹੇ ਛੂਹ ਨਹੀਂ ਸਕਤਾ, ਕਾਲ ਇੰਨਹੇ ਨਸ਼ਟ ਨਹੀਂ ਕਰ ਸਕਤਾ, ਇਨਹੀ ਸ਼ਕਤੀਉਂ ਸੇ ਮਿਲ ਕਰ ਪੁਰਸ਼ ਅਪਨੇ ਭੀਤਰ ਛੁੱਪੀ ਸ਼ਕਤੀ ਕੋ ਜਗਾ ਪਾਤਾ ਹੈ। ਯਹੀ ਵੋਹ ਸ਼ਕਤੀਆਂ ਹੈ ਜੋ ਪੁਰਸ਼ ਸ਼ਕਤੀ ਸੇ ਮਿਲ ਕਰ ਸੰਸਾਰ ਕੋ ਸਥਿਰ ਰੱਖਤੀ ਹੈਂ। ਸੱਚ ਤੋ ਯਹ ਹੈ ਕਿ ਹਮ ਸਭ ਇੰਨਹੀਂ ਆਦਿ ਸ਼ਕਤੀਆਂ ਕੀ ਸੰਤਾਨੇ ਹੈਂ।ਸੰਸਾਰ ਕਾ ਸੰਤੁਲਨ ਬਨਾਈ ਰਖਨੇ ਕੇ ਲੀਏ ਇਨ ਦੋਨੋਂ ਕਾ ਹੋਨਾ ਅਨੇਵਾਰੀਆ ਹੈ। ਪੁਰਸ਼ ਇਸਤਰੀ ਕੇ ਬਿਨ ਔਰ ਇਸਤਰੀ ਪੁਰਸ਼ ਕੇ ਬਿਨਾ ਅਧੂਰੀ ਹੈ। ਦੋਨੋਂ ਕੀ ਆਧਾਰਸ਼ਿਲਾ ਏਕ ਦੂਸਰੇ ਪਰ ਹੀ ਨਿਰਭਰ ਹੈ। ਅਗਰ ਜ਼ਮੀਨ ਹੀ ਨਾ ਹੋ ਤੋ ਪੌਦਾ ਪੂਰੀ ਤਰ੍ਹਾਂ ਸੇ ਪਨਪ ਨਹੀਂ ਪਾਤਾ, ਫੂਲ ਔਰ ਫਲ ਨਹੀਂ ਪੈਦਾ ਕਰ ਸਕਤਾ ਭਲੇ ਹੀ ਆਜ ਰਸਾਇਣ ਨੇ ਪ੍ਰਯੋਗਸ਼ਾਲਾ ਮੇਂ ਅਪਨੇ ਤਜਰਬੋਂ ਕੇ ਆਧਾਰ ਪਰ ਕੁਝ ਐਸੀ ਚੀਜ਼ੇ ਤਿਆਰ ਕਰ ਲੀ ਹੈਂ ਜੋ ਯਹ ਸਮਝਨੇ ਲਗੇ ਹੈਂ ਕਿ ਫਸਲ ਉਗਾਨੇ ਕੀ ਲੀਏ ਜ਼ਮੀਨ ਕਾ ਹੋਨਾ ਜ਼ਰੂਰੀ ਨਹੀਂ, ਜਾਂ ਫਿਰ ਕਲੋਨ ਕੇ ਜ਼ਰੀਏ ਵੈਸਾ ਹੀ ਪਸ਼ੂ ਤਿਆਰ ਕਰ ਲੇਨਾ ਕੋਈ ਅਦਭੁਤ ਜੈਸੀ ਬਾਤ ਨਹੀਂ, ਪਰ ਕਿਆ ਵੋਹ ਐਸੇ ਜਾਨਵਰੋਂ ਮੇਂ ਸੋਚ ਔਰ ਸਮਝ ਭੀ ਐਸੀ ਲਾ ਸਕੇਂਗੇ, ਜੋ ਏਕ ਕੁਦਰਤੀ ਕਾਨੂੰਨ ਮੇਂ ਨਰ ਔਰ ਮਾਦਾ ਕੇ ਮਿਲਨੇ ਸੇ ਪੈਦਾ ਹੂਏ ਜਾਨਵਰ ਮੇਂ ਹੋਤੀ ਹੈ।

ਮਨੁਸ਼ਿਆ ਸੰਸਾਰ ਕਾ ਸਰਵਸ਼੍ਰੇਸ਼ਟ ਪ੍ਰਾਣੀ ਹੈ। ਬਾਕੀ ਸਭ ਜੀਵ ਤੋਂ ਇਸ ਸੰਸਾਰ ਕੋ ਭਿੰਨ-ਭਿੰਨ ਰੂਪ ਸੇ ਸਜਾਵਟ ਦੇਤੇ ਹੈਂ ਔਰ ਉਨਹੇ ਵਹੀ ਕਰਨਾ ਪੜਤਾ ਹੈ ਜੋ ਪ੍ਰਕਿਰਤੀ ਉਨ ਸੇ ਕਰਵਾਤੀ ਹੈ। ਇਸਤਰੀ ਸੰਸਾਰਕ ਰੂਪੀ ਸਮਾਜ ਕੀ ਆਧਾਰਸ਼ਿਲਾ ਹੈ ਔਰ ਪੁਰਸ਼ ਉਸੀ ਕੀ ਪ੍ਰੇਰਨਾ ਸੇ ਪਰਿਵਾਰ ਕੀ ਨੀਂਵ ਰਖਤਾ ਹੈ। ਇਸਤਰੀ ਪ੍ਰੇਮ ਔਰ ਸੌਂਦਰੀਯ ਕੀ ਵਹਿ ਨਦੀ ਹੈ ਜੋ ਕਭੀ ਆਪਨੇ ਮੇ ਕੰਮ ਨਹੀਂ ਹੋਨੇ ਦੇਤੀ, ਹਮੇਸ਼ਾ ਅਥਾਹ ਔਰ ਵੇਸ਼ ਸੇ ਬਹਿਤੀ ਰਹਿਤੀ ਹੈ। ਇਸ ਕੇ ਮਨ ਕੀ ਕੋਮਲਤਾ ਔਰ ਚਿਹਰੇ ਕੀ ਚੰਚਲਤਾ ਪੁਰਸ਼ ਤਭੀ ਸਮਝ ਪਾਤਾ ਹੈ ਜਬ ਵਹਿ ਉਸ ਸੇ ਨਿਰਸਵਾਰਥ ਨਿਰੰਤਰ ਸੱਚਾ ਪ੍ਰੇਮ ਕਰਨੇ ਲਗਤਾ ਹੈ। ਨਾਰੀ ਕੇ ਬਿਨਾਂ ਸੰਸਾਰ ਕੀ ਕਲਪਨਾ ਹੀ ਨਹੀਂ ਕੀ ਜਾ ਸਕਤੀ, ਨਾਰੀ ਹੀ ਪਰਿਵਾਰ ਰੂਪੀ ਸਮਾਜ ਕੋ ਚਲਾਨੇ ਕੇ ਲੀਏ ਉਤਪਤੀ ਕੀ ਜ਼ਮੀਨ ਹੈ। ਪੁਰਸ਼ ਕੀ ਹਰ ਕਲਪਨਾ ਉਸੀ ਸੇ ਸ਼ੁਰੂ ਹੋ ਕਰ ਉਸੀ ਪਰ ਖਤਮ ਹੋਤੀ ਹੈ। ਅਪਨੇ ਪਰਿਵਾਰ ਕੀ ਜੜ੍ਹ ਕੋ ਬੜਾਨਾ ਕੁਦਰਤੀ ਨਿਯਮ ਹੈ। ਚਾਹੇ ਵਹਿ ਪੁਰਸ਼ ਹੋ ਜਾਂ ਜੀਵ ਬੀਜ ਭਲੇ ਹੀ ਪੁਰਸ਼ ਡਾਲਤਾ ਹੋ ਮਗਰ ਅਪਨੇ ਗਰਭ ਮੇਂ ਨੌਂ ਮਹੀਨੇ ਤੱਕ ਸ਼ਿਸ਼ੂ ਕੋ ਆਪਨਾ ਰਕਤ ਦੇਕਰ ਇਸਤਰੀ ਹੀ ਉਸ ਕਾ ਪਾਲਨ ਕਰਤੀ ਹੈ। ਔਰ ਉਸ ਕੀ ਜਨਮਦਾਤੀ ਕਹਿਲਵਾਤੀ ਹੈ। ਪੁਰਸ਼ ਕੋ ਜਨਮ ਦੇਨੇ ਵਾਲੀ ਯਹ ਇਸਤਰੀ ਆਪਨੇ ਨੰਨ੍ਹੇ ਕੋ ਤੱਬ ਤੱਕ ਅਪਨੇ ਆਂਚਲ ਮੇਂ ਛੁਪਾਏ ਰੱਖਤੀ ਹੈ। ਜਬ ਤੱਕ ਵਰ ਆਪਨੀ ਹੋਸ਼ ਸੰਭਾਲ ਕਰ ਆਪਨੇ ਪਾਓਂ ਪਰ ਖੜਾ ਹੋ ਕਰ ਚਲਨੇ ਨਹੀਂ ਲਗ ਜਾਤਾ। ਫਿਰ ਭੀ ਉਸ ਕਾ ਕਰਤੱਬ ਯਹੀ ਨਹੀਂ ਸਮਾਪਤ ਹੋਤਾ ਵਹ ਉਸੇ ਹਮੇਸ਼ਾ ਕੜੀ ਧੂਪ, ਸ਼ੀਤ ਔਰ ਬਰਸਾਤ ਕੀ ਭਰਕਮ ਮਾਰ ਸੇ ਦੂਰ ਰੱਖਤੀ ਹੈ, ਉਸ ਕੀ ਜੀਵਨ ਕੀ ਹਰ ਕਠਿਨਾਈ ਮੇਂ ਸਾਥ ਦੇਤੀ ਹੈ ਔਰ ਉਸੇ ਦੁੱਖੀ ਦੇਖ ਕਰ ਉਸ ਕਾ ਸਮਾਧਾਨ ਕਰਤੀ ਹੈ।

ਇਸਤਰੀ ਕੀ ਇਸ ਤਰ੍ਹਾਂ ਦੀ ਅਣਥੱਕ ਸਾਧਨਾ ਅਪਨੇ ਪਤੀ ਔਰ ਪਰਿਵਾਰ ਕੇ ਪ੍ਰਤੀ ਦੇਖ ਕੇ ਕੌਨ ਕਹਿ ਸਕਤਾ ਹੈ ਕਿ ਵਹਿ ਕਮਜ਼ੋਰ ਔਰ ਲਾਚਾਰ ਹੈ ਜੋ ਵਹ ਮਰਤੇ ਦਮ ਤੱਕ ਨਿਭਾਤੀ ਰਹਿਤੀ ਹੈ। ਹਮਾਰੇ ਪ੍ਰਾਚੀਨ ਤਥਾ ਵਰਤਮਾਨ ਲੇਖਕੋਂ ਨੇ ਇਸ ਕੇ ਬਾਰੇ ਮੇਂ ਕਾਫੀ ਕੁਝ ਲਿਖਾ ਹੈ। ਇਸਤਰੀ ਪਰ ਹੂਏ ਜ਼ੁਲਮੋਂ ਤਥਾ ਸਮਾਜ ਮੇਂ ਉਸ ਕੋ ਬਰਾਬਰ ਕਾ ਦਰਜਾ ਨਾ ਮਿਲਨੇ ਪਰ ਕਾਫੀ ਪ੍ਰਸ਼ਨ ਉਠਾਏ ਹੈਂ। ਪੁਰਸ਼ ਕਾ ਉਸ ਕੇ ਸਾਥ ਕਈ ਪ ਸੇ ਬੇਇਨਸਾਫ਼ੀ ਕਰਨਾ ਜੈਸੇ ਮਾਰਪੀਟ, ਭੂਖਾ ਰਖਨਾ, ਸਲਾਖੋਂ ਕੇ ਪੀਛੇ ਬੰਦ ਕਰ ਸਜ਼ਾ ਦੇਨਾ ਜਾਂ ਫਿਰ ਤੇਲ ਛਿੜਕ ਕਰ ਜਲਾ ਦੇਨਾ ਆਦਿ। ਯਹ ਸਭ ਹੈਵਾਨੀਅਤ ਕੇ ਲਕਛਣ ਨਹੀਂ ਤੋ ਔਰ ਕਿਆ ਹੈਂ। ਜੈਸੇ ਆਜ ਕੇ ਸਮਾਜ ਮੇਂ ਬਹੁਤ ਸੇ ਮੁਲਕੋਂ ਕਾ ਯਹੀ ਵਿਚਾਰ ਹੈ ਕਿ ਇਸਤਰੀ ਕੇਵਲ ਭੋਗਨੇ ਤਥਾ ਪਰਿਵਾਰ ਬੜਾਨੇ ਕੇ ਇਲਾਵਾ ਔਰ ਕੁਝ ਨਹੀਂ। ਔਰ ਬਹੁਤ ਸੀ ਯੁਵਤੀਓਂ ਕਾ ਵਿਚਾਰ ਹੈ ਕਿ ਮਰਦ ਸੇ ਸ਼ਾਦੀ ਕਰਨੇ ਕਾ ਸਭ ਸੇ ਬੜਾ ਮੰਤਵ ਹੈ ਕਿ ਅਪਨੀ ਜੀਵਨ ਭਰ ਕੀ ਸੁਰਕਸ਼ਾ ਬਨਾਨਾ ਚਾਹੇ ਵਰ ਸਰੀਰਕ ਹੋ ਜਾਂ ਵਿਵਹਾਰਿਕ ਹੋ ਜਾਂ ਫਿਰ ਉਪਚਾਰਿਕ। ਇਸ ਕੀ ਗਰੰਟੀ ਸਮਨਾ ਸਾਤ ਫੇਰੋਂ ਕੇ ਬਾਅਦ ਯਹ ਠੀਕ ਹੈ ਕਿ ਔਰਤ ਮਰਦ ਕੀ ਤੁਲਨਾ ਮੇਂ ਇਤਨੀ ਤਾਕਤਵਰ ਨਹੀਂ, ਮਗਰ ਯਹ ਮਾਨ ਲੇਨਾ ਕਿ ਵਹਿ ਸ਼ਕਤੀਸ਼ਾਲੀ ਨਹੀਂ ਆਜ ਕੇ ਸਮੇਂ ਮੇਂ ਗਲਤ ਬਾਤ ਹੋਗੀ। ਬਹ ਮਰਦ ਕੇ ਸਮਾਨ ਹਰ ਕਾਮ ਮੇਂ ਨਿਪੁੰਨ ਹੈ। ਇਸ ਮੇਂ ਜ਼ਰਾ ਭੀ ਸੰਦੇਹ ਕੀ ਗੁੰਜਾਇਸ਼ ਹੀ ਨਹੀਂ, ਫਰਕ ਤੋ ਸਿਰਫ ਯਹ ਹੈ ਕਿ ਹਮਨੇ ਹੀ ਉਸੇ ਬਚਪਨ ਸੇ ਹੀ ਯਹੀ ਸਿਕਸ਼ਾ ਦੀ ਹੈ ਕਿ ਬੇਟੀ ਤੁਮ ਹਰ ਹਾਲ ਮੇਂ ਮਰਦ ਸੇ ਦੂਸਰੇ ਕਦਮ ਪਰ ਹੋ। ਹਮ ਚਾਹਤੇ ਹੀ ਨਹੀਂ ਕਿ ਵਹਿ ਮਰਦ ਸੇ ਆਗੇ ਨਿਕਲੇ ਜੋ ਸਮਾਜਵਾਦੀ ਪੁਰਸ਼ ਇਸਤਰੀ ਕੇ ਉਥਾਨ ਕਾ ਢੋਲ ਬਜਾਤੇ ਹੈਂ ਸਭ ਢਕੌਂਸਲਾ ਔਰ ਦਿਖਾਵਾਪਨ ਹੈ।

ਮੈਂ ਪਰਿਵਾਰ ਮੇਂ ਸਭ ਸੇ ਛੋਟਾ ਥਾ, ਮੇਰੀ ਸਭ ਬਹਿਨੇ ਸਭ ਮੁਝ ਸੇ ਬੜੀ ਥੀ। ਹਮ ਸਭ ਮੇ ਏਕ ਏਕ ਸਾਲ ਕਾ ਫਰਕ ਰਹਾ ਹੋਗਾ, ਹਮਾਰੇ ਪਿਤਾ ਜੀ ਮੇਰੇ ਬਚਪਨ ਕਾਲ ਮੇਂ ਹੀ ਚੱਲ ਵੱਸੇ ਥੇ। ਹਮਾਰਾ ਸਭ ਕੁਝ ਹਿੰਦੁਸਤਾਨ-ਪਾਕਿਸਤਾਨ ਦੇ ਦੰਗੋਂ ਮੇਂ ਹੀ ਚਲਾ ਗਿਆ ਥਾ। ਪਾਕਿਸਤਾਨ ਸੇ ਵਾਪਸ ਆਨੇ ਕੇ ਬਾਅਦ ਹਮੇਂ ਪੰਜਾਬ ਕੇ ਕਿਸੇ ਏਕ ਗਾਂਵ ਮੇਂ ਸ਼ਰਨ ਮਿਲੀ ਕੀ, ਮੇਰਾ ਯੁਵਾ ਕਾਲ ਤੋਂ ਵਹੀਂ ਬੀਤਾ, ਮੇਰੇ ਬੜੇ ਹੋਨੇ ਤੱਕ ਮਾਂ ਨੇ ਜਿਵੇਂ ਕਿਵੇਂ ਮਿਹਨਤ ਕਰਕੇ ਮੇਰੀ ਬਹਿਨੋਂ ਕੀ ਸ਼ਾਦੀ ਕਰਦੀ ਥੀ। ਬਚਪਨ ਮੇਂ ਮੈਨੇ ਅਪਨੀ ਮਾਂ ਕੀ ਆਖੋਂ ਮੇਂ ਆਸੂ ਔਰ ਉਸ ਕੀ ਗਰੀਬੀ ਜੈਸੀ ਅਸਹਾਏ ਅਵਸਥਾ ਕੋ ਦੇਖਾ, ਅਪਨੇ ਗਾਉਂ ਕੇ ਮੁਹੱਲੋਂ ਮੇਂ ਇਸਤਰੀਉਂ ਕੀ ਦੁਰਦਸ਼ਾ ਕੋ ਦੇਖਾ, ਕਭੀ-ਕਭੀ ਉਨ ਕਾ ਊਚੇ ਸਵਰ ਮੇਂ ਰੋਨਾ ਔਰ ਚਿਲਾਨਾ ਔਰ ਅਪਨੇ ਪਤੀ ਪਰਿਵਾਰ ਸੇ ਝਗੜਤੇ ਹੂਏ ਦੇਖਾ, ਔਰ ਉਨ ਕੇ ਵੀ ਦੇਖਾ ਜੋ ਸਾਰੀ-ਸਾਰੀ ਰਾਤ ਚੱਕੀ ਚਲਾਤੀ ਔਰ ਚਰਖੇ ਪਰ ਸੂਤ ਬਨਾਤੀ, ਸਾਰਾ ਸਾਰਾ ਦਿਨ ਖੇਤੋਂ ਮੇਂ ਜਾ ਕਰ ਪਸ਼ੂਉਂ ਕਾ ਮਲ ਢੋਤੀ ਔਰ ਅਪਨਾ ਮੁਖੜਾ ਢਾਕ ਕਰ ਆਖੋਂ ਸੇ ਛਲਕਤੇ ਆਸੂਉਂ ਕੋ ਛੁਪਾਤੀ ਕੋਈ ਕੋਈ ਤੋ ਅਪਨੇ ਪਤੀ ਸੇ ਝਗੜਾ ਕਰ ਮਾਇਕੇ ਚਲੀ ਜਾਤੀ ਯਾ ਫਿਰ ਸਸੁਰਾਲ ਸੇ ਨਿਕਾਲ ਦੀ ਗਈ ਹੋਤੀ ਤੋਂ ਮਾਇਕੇ ਆ ਜਾਤੀ ਜਾਂ ਫਿਰ ਕੋਈ ਵਿਧਵਾ ਹੋਕਰ ਘਰ ਹੀ ਮੇਂ ਤ੍ਰਿਸਕਾਰ ਸਹਿ ਰਹੀ ਹੋਤੀ। ਏਕ ਦੋ ਵਾਰ ਤੋ ਐਸਾ ਵੀ ਦੇਖਿਆ, ਕਿਸੀ ਯੁਵਤੀ ਕੀ ਸ਼ਾਦੀ ਤੋ ਹੂਈ ਮਗਰ ਸਸੁਰਾਲ ਸੇ ਦੂਸਰੇ ਦਿਨ ਐਸੀ ਪਲਟੀ, ਫਿਰ ਸਸੁਰਾਲ ਹੀ ਨਹੀਂ ਜਾ ਸਕੀ। ਕਿਸੀ ਵਿਚਾਰੀ ਨੇ ਦੁੱਖ ਔਰ ਪੀੜਾ ਕੀ ਸੀਮਾ ਬੜ ਜਾਨੇ ਸੇ ਅਪਨੇ ਆਪ ਕੋ ਆਤਮ ਹੱਤਿਆ ਕਰਨੇ ਤੱਕ ਵੀ ਪਹੁੰਚਾ ਦੀਆ। ਯਹ ਸਭ ਹੂਆ।

ਜੈਸੇ ਜੈਸੇ ਮੈਂ ਬੜਾ ਹੋਤਾ ਗਯਾ ਯਹ ਸਭ ਮੇਰੀ ਸਮਝ ਮੇਂ ਆਨੇ ਲਗਾ। ਮੇਰੀ ਭੀ ਆਖੇਂ ਭੀਗਨੇ ਲਗੀ। ਜਬ ਕਭੀ ਮੈਂ ਭੀ ਆਪਨਾ ਦੁੱਖ ਲੇ ਕੇ ਉਨਕੇ ਦੁੱਖ ਮੇਂ ਸ਼ਾਮਲ ਹੂਆ ਤੋ ਹਮਾਰੀ ਆਖੋਂ ਮੇਂ ਵੀ ਗੰਗਾ ਜਮਨਾ ਵਹੀ ਔਰ ਇਤਨੀ ਵਹੀ ਕਿ ਉਸ ਕਾ ਹਿਸਾਬ ਨਾ ਰੱਖ ਪਾਇਆ। ਕਿਸੀ ਕਾ ਭੀ ਦੁੱਖ ਦੇਖਤਾ ਤੋ ਮੁਝੇ ਅਪਨੇ ਹੀ ਪਰਿਵਾਰ ਕਾ ਦੁੱਖ ਮਾਲੂਮ ਪੜਤਾ ਕਿਉਂਕਿ ਅਪਨੀ ਮਾਂ ਕੋ ਹਮੇਸ਼ਾ ਕਾਮ ਕਰਤੇ ਹੂਏ ਹੀ ਦੇਖਤਾ। ਉਸ ਨੇ ਮੇਰੀ ਹੋਸ਼ ਮੇਂ ਕਭੀ ਅੱਛਾ ਕੱਪੜਾ ਤਨ ਪਰ ਨਹੀਂ ਪਹਿਨਾ, ਪੂਰੀ ਰਾਤ ਭਰ ਨਹੀਂ ਸੋਈ। ਬੱਸ ਉਸੇ ਦੇਖਤਾ ਤੋ ਐਸੇ ਲਗਤਾ ਕਿ ਉਸੇ ਹਮਾਰੀ ਹੀ ਚਿੰਤਾ ਖਾਤੀ ਰਹਿਤੀ ਹੈ, ਆਸੂਉਂ ਸੇ ਭਰੀ, ਦਰਦ ਕਰਾਹਤੀ ਹੂਈ, ਨਿਰਾਸ਼ਾ ਸੇ ਲਾਚਾਰ ਔਰ ਬੇਵੱਸ। ਇਸਤਰੀਉਂ ਕੀ ਐਸੀ ਹਾਲਤ ਦੇਖ ਕੇ ਅੰਦਰ ਹੀ ਅੰਦਰ ਮੇਰਾ ਮਨ ਭੀ ਪਸੀਜਨੇ ਲਗਾ, ਜੋ ਕੁਝ ਵੀ ਆਖੋਂ ਸੇ ਦੇਖਤਾ ਮਨ ਪਰ ਉਸ ਕੀ ਏਕ ਛਾਪ ਸੀ ਲੱਗ ਜਾਤੀ, ਉਸ ਸਮੇਂ ਸੋਚਨੇ ਪਰ ਇਸੀ ਨਤੀਜੇ ਪਰ ਪਹੁੰਚਤਾ ਕਿ ਨਾਰੀ ਕਿਆ ਇਤਨੀ ਹੀ ਬੇਵੱਸ ਹੈ, ਜਿਸੇ ਹਰ ਬਾਤ ਕੇ ਲੀਏ ਆਦਮੀ ਪਰ ਨਿਰਭਰ ਰਹਿਨਾ ਪੜਤਾ ਹੈ। ਉਹ ਕਿਸੀ ਭੀ ਕੜੀ ਮਿਹਨਤ ਕਿਉਂ ਨਾ ਕਰਲੇ ਫਿਰ ਵੀ ਵਹਿ ਪਰਿਵਾਰ ਕੋ ਪੂਰੀ ਤਰ੍ਹਾਂ ਖੁਸ਼ ਨਹੀਂ ਰੱਖ ਸਕਤੀ। ਹਮੇਸ਼ਾ ਉਸੇ ਘਰ ਮੇ ਅਪਨੇ ਪਤੀ ਕੀ ਹੀ ਕਮੀ ਕਿਉਂ ਮਹਿਸੂਸ ਹੋਤੀ ਰਹਿਤੀ ਹੈ। ਵਹਿ ਉਸ ਕੇ ਬਿਨਾਂ ਅਪਨੇ ਆਪ ਕੋ ਅਧੂਰੀ, ਅਸੁਰੱਖਿਅਤ ਤਥਾ ਨਿਰਬਲ ਸਮਝਤੀ ਹੈ, ਫਿਰ ਮੈਂ ਸੋਚਤਾ ਕਿ ਜੋ ਨਾਰੀ ਜਨਮ ਸੇ ਮਰਨ ਤੱਕ ਹਮਾਰੇ ਪਰਿਵਾਰ ਕੇ ਬੀਚ ਇਤਨੇ ਰਿਸ਼ਤੋਂ ਸੇ ਪੁਕਾਰੀ ਜਾਤੀ ਹੈ, ਵਹ ਅਪਨੇ ਆਪ ਕੋ ਨਿਰਸਹਾਏ ਔਰ ਕਮਜ਼ੋਰ ਕੈਸੇ ਕਹਿ ਸਕਤੀ ਹੈ।



ਲੇਖਕ ਸ੍ਰੀ ਚਰਨ ਅਨੰਦ ਆਪਣੇ ਦੋਸਤ ਸ੍ਰੀ ਐਚ ਐਲ ਕਪੂਰ ਅਤੇ ਉਹਨਾਂ ਦੀ ਧਰਮ ਪਤਨੀ ਦੇ ਨਾਲ

ਜਨਮ ਲੇਤੇ ਹੀ ਕਿਸੀ ਕੀ ਬੇਟੀ ਹੋਤੀ ਹੈ ਔਰ ਕਿਸੀ ਕੀ ਬਹਿਨ ਹੋਤੀ ਹੈ, ਬੜੀ ਹੂਈ ਤੋ ਭੂਆ ਔਰ ਮਾਸੀ ਕੇ ਰਿਸ਼ਤੋਂ ਸੇ ਪੁਕਾਰੀ ਜਾਨੇ ਲਗੀ, ਸ਼ਾਦੀ ਹੂਈ ਤੋ ਪ੍ਰੇਮਿਕਾ ਕੇ ਰੂਪ ਮੇ ਜਾਨੀ ਗਈ। ਮਾਂ ਬਨੀ ਤੋ ਮਮਤਾ ਲੁਟਾਤੇ ਹੂਏ ਕਿਸੀ ਕੀ ਚਾਚੀ ਤਾਈ ਕਹਿਲਾਨੇ ਲਗੀ। ਸਾਸ ਨੇ ਬਹੂ ਕੇ ਰੂਪ ਮੇਂ ਸਵੀਕਾਰ ਕੀਆ ਔਰ ਬੱਚੋਂ ਕੀ ਸ਼ਾਦੀ ਹੂਈ ਤੋ ਸਾਸ ਬਨ ਕਰ ਘਰ ਮੇਂ ਪਟਰਾਨੀ ਕਹਿਲਾਨੇ ਲਗੀ। ਵਾਲੋਂ ਮੇਂ ਸਫੇਦੀ ਅਤੇ ਕਿਸੀ ਕੀ ਨਾਨੀ ਔਰ ਦਾਦੀ ਬਨ ਕਰ ਸੰਸਾਰ ਕਾ ਸਭ ਸੇ ਅਤੀ ਸੁੰਦਰ ਸੁੱਖ ਪ੍ਰਾਪਤ ਕਰਨੇ ਲਗੀ। ਯਹ ਸਭ ਰਿਸ਼ਤੇ ਹੀ ਤੋ ਹੈਂ ਜੋ ਹਮ ਸਭ ਕੋ ਜੀਨੇ ਕਾ ਸਹਾਰਾ ਦੇਤੇ ਹੈਂ, ਔਰ ਇਨਹੇ ਬਨਾਨੇ ਵਾਲੀ ਯਹੀ ਏਕ ਇਸਤਰੀ ਹੈ ਜੋ ਹਮਾਰੇ ਭਿੰਨ-ਭਿੰਨ ਰੂਪ ਮੇਂ ਭਿੰਨ-ਭਿੰਨ ਭੂਮਿਕਾ ਨਿਭਾਤੀ ਹੈ, ਬਹ ਅਪਨੀ ਮਾਲਿਕ ਖੁਦ ਹੋ ਆਜ ਨਾਪੜਾ ਲਿਖਾ ਮਾਨਵ ਇਯਤਰੀ ਸੇ ਇਸ ਤਰ੍ਹਾਂ ਬੇਇਨਸਾਫੀ ਇਸ ਤਰ੍ਹਾਂ ਨਹੀਂ ਕਰ ਸਕਤਾ ਜੋ ਪਚਾਸ ਸਾਠ ਸਾਲ ਪਹਿਲੇ ਹੋਤਾ ਰਹਾ ਹੈ, ਤਬ ਕੀ ਬਾਤ ਔਰ ਪ੍ਰਚਲਨ ਕੁਝ ਔਰ ਥਾ। ਲੜਕੀਉਂ ਪੜ੍ਹਾਨੇ ਲਿਖਾਨੇ ਕੇ ਸਾਧਨ ਕੰਮ ਥੇ, ਆਮਦਨੀ ਕੇ ਸਾਧਨ ਬਹੁਤ ਕਮ ਥੇ, ਸਕੂਲੋਂ ਔਰ ਪਾਠਸ਼ਾਲਾਓਂ ਕੀ ਕਮੀ ਥੀ ਔਰ ਜੋ ਉਪਲਬਧ ਵੀ ਥੇ ਵਹਿ ਜਾਂ ਤੋ ਬਹੁਤ ਦੂਰ ਹੂਆ ਕਰਤੇ ਥੇ ਜਾਂ ਫਿਰ ਲੜਕੀਉਂ ਕੋ ਵਹਾਂ ਭੇਜਨੇ ਕੀ ਸੁਵਿਧਾ ਆਦਿ ਨਹੀਂ ਥੀ, ਔਰ ਦੂਸਰੀ ਲੋਗੋਂ ਕੀ ਯਹ ਭੀ ਸੋਚ ਹੂਆ ਕਰਤੀ ਥੀ ਕਿ ਲੜਕੀ ਨੇ ਕੌਨ ਸੀ ਨੌਕਰੀ ਕਰਨੀ ਹੈ, ਸ਼ਾਦੀ ਕੇ ਬਾਅਦ ਘਰ ਹੀ ਤੋ ਸੰਭਾਲਨਾ ਹੈ, ਨਾ ਵੀ ਪੜ੍ਹੀ ਤੋ ਕੋਈ ਬਾਤ ਨਹੀਂ ਪਰ ਘਰ ਕਾ ਕਾਮ ਤੋਂ ਕਰਨਾ ਆਨਾ ਚਾਹੀਏ। ਇਸੀ ਬਾਤ ਪਰ ਹਮਾਰੇ ਪੁਰਾਨੇ ਬਜ਼ੁਰਗ ਜ਼ਿਆਦਾ ਜ਼ੋਰ ਦੇਤੇ ਥੇ, ਵਹਿ ਯਹ ਭੂਲ ਜਾਤੇ ਥੇ ਕਿ ਏਕ ਪੜ੍ਹੀ ਲਿਖੀ ਲੜਕੀ ਅਨਪੜ੍ਹ ਲੜਕੀ ਸੇ ਕਈ ਗੁਣਾਂ ਅੱਛਾ ਅਪਨਾ ਘਰ ਬਾਰ ਸੰਭਾਲ ਸਕਤੀ ਹੈ।

ਆਜ ਜ਼ਮਾਨਾ ਬਦਲ ਗਿਆ ਹੈ। ਉਨਕੀ ਸਿਖਸ਼ਾ ਕੀ ਹਰ ਸੁਵਿਧਾ ਪ੍ਰਾਪਤ ਹੈ। ਘਰ ਮੇਂ ਮਾਂ ਬਾਪ ਵੀ ਇਸ ਕੀ ਜ਼ਰੂਰਤ ਸਮਝਨੇ ਲਗੇ ਹੈ ਕਿ ਲੜਕੀ ਕੋ ਘਰ ਮੇਂ ਬਿਠਾਏ ਰਖਨੇ ਕੀ ਬਜਾਏ ਇਸੇ ਸਿਖਸ਼ਾ ਦਿਲਾਨਾ ਜ਼ਰੂਰੀ ਹੈ। ਆਜ ਵਹਿ ਘਰ ਸੇ ਬਾਹਰ ਨਿਕਲ ਆਈ ਹੈ, ਉਨਹੋਂ ਨੇ ਸਿਖਸ਼ਾ ਵਿਸ਼ਵ ਵਿਦਿਆਲਿਉਂ ਸੇ ਉਚ ਸਿਖਸ਼ਾਏਂ ਪ੍ਰਾਪਤ ਕਰ ਲੀ ਹੈ। ਵਹਿ ਜੀਵਨ ਕੇ ਸੰਘਰਸ਼ ਮੇਂ ਪੁਰਸ਼ੋਂ ਕੀ ਪ੍ਰਤੀਸ਼ਪਰਦਾ ਕਰਨੇ ਲਗੀ ਹੈਂ, ਸਾਹਸ ਔਰ ਪ੍ਰਤਿਭਾ ਮੇਂ ਵਹਿ ਪੁਰਸ਼ੋਂ ਕੋ ਪੀਛੇ ਛੋੜ ਚੁੱਕੀ ਹੈ। ਯਹਾਂ ਤੱਕ ਕਿ ਪੱਛਮੀ ਦੇਸ਼ੋਂ ਮੇਂ ਤੋ ਐਸਾ ਕੌਨਸਾ ਕਾਰਿਆ ਹੈ, ਜਿਸਕੋ ਵੋਹ ਪੂਰੀ ਜ਼ਿੰਮੇਵਾਰੀ ਸੇ ਨਹੀਂ ਨਿਭਾਅ ਰਹੀ। ਸ਼ਿਲਪਕਾਰੀ ਹੋ ਯਾਂ ਕਲਾਕਾਰੀ, ਆਰਟ ਕਰਾਫਟ ਹੋ ਜਾਂ ਹੈਂਡੀ ਕਰਾਫਟ, ਹੈਵੀ ਮਸ਼ੀਨਰੀ ਹੋ ਯਾਂ ਇਲੈਕਟ੍ਰੀਕਲ ਹੋ, ਕਾਸ਼ਤਕਾਰੀ, ਦਸਤਕਾਰੀ, ਚਿੱਤਰਕਾਰੀ, ਇੰਡਸਟਰੀ ਹੋ ਯਾਂ ਕੰਸਆ੍ਰਕਸ਼ਨ, ਡਰਾਈਵਿੰਗ ਕਾ ਕਾਮ ਹੋ ਯਾ ਫਿਰ ਭਾਰੀ ਮੂਵਮੈਂਟ ਹੋ, ਜਮੀਂ ਪਰ ਹੋ ਯਾ ਫਿਰ ਆਸਮਾਨ ਮੇਂ ਹੋ, ਰਾਮਾਇਣ ਹੋ ਜਾਂ ਫਿਰ ਇੰਜੀਨੀਅਰਿੰਗ ਹੋ, ਪੁਲੋਂ ਪਰ, ਸੜਕੋਂ ਪਰ, ਰੇਲ ਕੀ ਲਾਈਨੋਂ ਪਰ, ਲੈਬਾਰਟਰੀ ਯਾ ਫਿਰ ਨਾਸਾ ਕੇ ਐਸਟਰੋਨਾਟ ਪਰ, ਪੋਲੇਟੀਸ਼ਨ ਹੋ ਜਾਂ ਉਦਯੋਗਪਤੀ ਹੋ ਕਹਾਂ-ਕਹਾਂ ਨਹੀਂ ਇਸਤਰੀ ਅਪਨਾ ਸਿੱਕਾ ਜਮਾ ਰਹੀ, ਯਹ ਸਭ ਕੁਛ ਆਜ ਕੀ ਇਸਤਰੀ ਕਰ ਰਹੀ ਹੈ। ਮਗਰ ਇਤਨਾ ਕੁਝ ਕਰਨੇ ਕੇ ਬਾਵਜੂਦ ਵੀ ਸਵਾਲ ਯਹ ਉਠਤਾ ਹੈ ਕਿ ਹਮਾਰੇ ਏਸ਼ੀਆਈ ਦੇਸ਼ੋਂ ਮੇਂ ਖਾਸ ਕਰ ਭਾਰਤ ਮੇਂ ਹੀ ਇਸਤਰੀ ਕੋ ਪੁਰਸ਼ ਕੇ ਪੂਰੀ ਤਰ੍ਹਾਂ ਕਿਉਂ ਨਹੀਂ ਸਮਝਾ, ਅਗਰ ਸਮਝਾ ਹੈ ਤੋ ਕਹਾਂ ਤੱਕ? ਮੈਂ ਤੋ ਪਿਛਲੇ ਪੈਤੀ ਵਰਸ਼ੋਂ ਸੇ ਯਹੀ ਅਮਰੀਕਾ ਮੇਂ ਹੂੰ ਜਬ ਭੀ ਭਾਰਤ ਮੇਂ ਭ੍ਰਮਣ ਕੇ ਲੀਏ ਜਾਤਾ ਹੂੰ, ਮੁਝੇ ਤੋ ਕਾਫੀ ਕੁਝ ਬਦਲਾ ਹੂਆ ਨਜ਼ਰ ਆਤਾ ਹੈ। ਫਿਰ ਬਹਾ ਕੇ ਲੇਖਕ ਭਾਰਤੀਆ ਨਾਰੀ ਕੀ ਐਸੀ ਹੀ ਤਸਵੀਰੇਂ ਅਪਨੀ ਲਿਖਤੋਂ ਮੇਂ ਪੇਸ਼ ਕਰਤੇ ਹੈਂ। ਮੈਂ ਇਸੀ ਸੋਚ ਮੇਂ ਪੜ ਕਰ ਕਭੀ-ਕਭੀ ਯਹ ਕੀ ਤਥਾ ਭਾਰਤ ਕੀ ਨਾਰੀਉਂ ਕੀ ਆਪਸੀ ਤੁਲਨਾ ਕਰਤਾ ਹੂੰ। ਦੋਨੋਂ ਪਲੜੋਂ ਮੇਂ ਅਗਰ ਉਨ ਕੀ ਤਰੁਟੀਉਂ ਔਰ ਉਨ ਕੇ ਗੁਣ ਡਾਲ ਦੀਏ ਜਾਏਂ ਤੋਂ ਕਿਸੀ ਮੇਂ ਪੱਛਮ ਕੀ ਨਾਰੀ ਕਾ ਪਲੜਾ ਭਾਰੀ ਰਹਿਤ ਹੈ ਔਰ ਕਿਸੀ ਮੇਂ ਭਾਰਤੀਯ ਕਾ। ਸਾਰਾਂਸ਼ ਕੇ ਕਿਸੀ ਤਰਫ ਕਾ ਪਲੜਾ ਭੀ ਅਪਨੇ ਪੂਰੀ ਸਮਾਨਯ ਰੂਪ ਮੇਂ ਨਹੀਂ ਰਹਿ ਪਾਤਾ।

ਇਸ ਲੀਏ ਯਹ ਯਹ ਕਰਨਾ ਸੁਆਰਥ, ਗਲਤ ਹੋਗਾ ਕਿ ਕੌਨ ਅੱਛਾ ਔਰ ਕੌਨ ਬੁਰਾ ਹੈ। ਅੱਛਾ ਔਰ ਬੁਰਾ ਕੁਛ ਨਹੀਂ ਹੋਤਾ ਯਹ ਸਭ ਤੋ ਯਹਾਂ ਕਹੀ ਭੀ ਮਨੁਸ਼ਯ ਵਸਾ ਹੂਆ ਹੈ, ਉਸ ਨੇ ਬਾਹਰ ਕੀ ਪ੍ਰਸਥਿਤੀਉਂ ਤਥਾ ਸਮਾਜਿਕ ਰੀਤੀ ਰਿਵਾਜ਼ੋਂ ਕੇ ਮੁਤਾਬਕ ਅਪਨੇ ਆਪ ਕੋ ਢਾਲ ਲੀਆ ਹੈਤਾ ਹੈ।

ਅਗਰ ਯਹ ਕੋਈ ਕਹਿਤਾ ਹੈ ਕਿ ਵਹਾਂ ਕੇ ਲੋਗ ਵੈਸੇ ਹੈਂ ਔਰ ਹਮ ਐਸੇ ਹੈਂ ਤੋਂ ਯਹ ਉਸ ਕਾ ਅਪਨਾ ਖਿਆਲ ਔਰ ਭਰਮ ਹੈ। ਐਸਾ ਵੈਸਾ ਕੁਛ ਨਹੀਂ, ਦੇਖਨੇ ਮੇਂ ਭਲੇ ਹੀ ਹਮ ਉਨਸੇ ਭਿੰਨ ਲਗਤੇ ਹੈਂ ਮਗਰ ਸਭ ਏਕ ਹੀ ਸਮਾਨ ਹੈ ਕੋਈ ਫਰਕ ਨਹੀਂ ਹੈ। ਸਭ ਕੀ ਆਦਤੇਂ ਔਰ ਮਨ ਕੀ ਇਛਾਏਂ ਵੈਸੀ ਹੀ ਹੈਂ, ਜੈਸੇ ਕਿ ਤੁਮਾਰੀ। ਸਭ ਦੇਸ਼ੋਂ ਕੇ ਲੋਗ ਵੈਸਾ ਹੀ ਖਾਤੇ ਪੀਤੇ ਔਰ ਸੋਚਤੇ ਹੈਂ, ਜੈਸੇ ਕਿ ਹਮ। ਸਭ ਕੋ ਅਪਨੇ ਪਰਿਵਾਰ ਸੇ ਵੈਸਾ ਹੀ ਲਗਾਵ ਹੈ, ਜੈਸੇ ਕਿ ਹਮੇਂ।

ਉਨ ਕੇ ਮਾਤਾ ਪਿਤਾ ਵੀ ਸਾਰੀ-ਸਾਰੀ ਰਾਤ ਚਿੰਤਾ ਮੇਂ ਵੈਸੇ ਹੀ ਡੂਬੇ ਰਹਿਤੇ ਹੈਂ, ਜੈਸੇ ਕਿ ਹਮਾਰੇ, ਅਗਰ ਉਨਕੀ ਨਾਬਾਲਿਗ ਬੇਟੀ ਘਰ ਕੋ ਰਾਤ ਮੇਂ ਲੇਟ ਪਹੁੰਚੇ। ਲੋਗ ਆਜ਼ਾਦ ਖਿਆਲ ਕੇ ਜ਼ਰੂਰ ਹੋ ਮਗਰ ਉਨਕੇ ਘਰੋਂ ਮੇਂ ਵੀ ਕੁਛ ਐਸੇ ਕਾਇਦੇ ਕਾਨੂੰਨ ਹੋ ਜਿਨੇ ਘਰ ਕੇ ਸਭੀ ਸਦਸਯੋਂ ਕੋ ਮਾਨਨਾ ਪੜਤਾ ਹੈ। (ਚਲਦਾ)

## ਲੇਖਕ ਸਬੰਧੀ ਦੋ ਸ਼ਬਦ

ਅਸੀਂ ਦੇਸ਼ ਦੁਆਬਾ ਦੇ ਸੁਹਿਰਦ ਪਾਠਕ ਸਾਹਿਬਾਨ ਨਾਲ ਇਸ ਅੰਕ ਤੋਂ ਇਕ ਨਵੀਂ ਪਰ ਜਾਣੀ ਪਹਿਚਾਣੀ ਸ਼ਖਸੀਅਤ ਸ੍ਰੀ ਚਰਨ ਅਨੰਦ ਜੀ ਨਾਲ ਉਹਨਾਂ ਦੇ ਅਣਛਪੇ ਨਾਵਲ ਰਾਹੀਂ ਮਿਲਾਉਣ ਜਾ ਰਹੇ ਹਾਂ। ਸ੍ਰੀ ਅਨੰਦ ਜੀ ਇਕ ਨਾਵਲਿਸਟ ਦੀ ਹੈਸੀਅਤ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿਚ ਸਰਕਾਰੀ ਹਾਈ ਸਕੂਲ ਦੇ ਅਧਿਆਪਕ ਰਹੇ ਹਨ ਅਤੇ 1979 ਵਿਚ ਨੌਕਰੀ ਛੱਡ ਕੇ ਕੈਲੇਫੋਰਨੀਆ ਦੇ ਸ਼ਹਿਰ ਹੇਵਰਡ ਵਿਚ ਆਪਣਾ ਨਿਵਾਸ ਕਰ ਲਿਆ ਅਤੇ ਅੱਜਕਲ੍ਹ ਉਹ ਯੂਨਾਈਟਿਡ ਏਅਰਲਾਈਨਜ਼ ਵਿਚ ਅਧਿਕਾਰੀ ਵਜੋਂ ਨਿਯੁਕਤ ਹਨ।

ਅਮਰੀਕਾ ਆ ਕੇ ਆਪ ਜੀ ਨੇ ਹੋਰ ਉੱਚ ਸਿੱਖਿਆ ਲਈ ਯੂਨੀਵਰਸਿਟੀ ਵੀ ਗਏ। ਇਸ ਦੇ ਨਾਲ ਹੀ ਬਚਪਨ ਸਮੇਂ ਤੋਂ ਸਾਹਿਤ ਨਾਲ ਆਪਣੀ ਗਹਿਰੀ ਰੁਚੀ ਨੂੰ ਬਰਕਰਾਰ ਰੱਖਦਿਆਂ ਆਪ ਜੀ ਨੇ ਇਥੋਂ ਦੀ ਪੰਜਾਬੀ ਪਿਊਪਲ ਕਲਚਰਲ ਐਸੋਸੀਏਸ਼ਨ ਵਿਚ ਸ਼ਾਮਲ ਹੋ ਕੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਅਤੇ ਇਸ ਤੋਂ ਇਲਾਵਾ ਐਫ. ਆਈ. ਏ. ਆਰ ਨਾਰਦਰਨ ਕੈਲੇਫੋਰਨੀਆ ਵਿਚ ਸਰਗਰਮ ਮੈਂਬਰ ਵਜੋਂ ਸੇਵਾ ਨਿਭਾਈ।

ਸਾਹਿਤ ਨਾਲ ਸ਼ੁਰੂ ਤੋਂ ਗਹਿਰਾ ਲਗਾਅ ਹੋਣ ਕਰਕੇ ਅਨੰਦ ਜੀ ਨੇ ਸਾਹਿਤ ਦੀ ਦੁਨੀਆਂ ਵਿਚ ਆਪਦੇ ਤਿੰਨ ਨਾਵਲ ਲਿਆਂਦੇ, ਜਿਹਨਾਂ ਵਿਚੋਂ ਸਭ ਤੋਂ ਪਹਿਲਾ 1997 ਵਿਚ ਕਿਨਾਰਾ, ਫਿਰ 1994 ਵਿਚ ਉਡਦਾ ਪੰਛੀ ਅਤੇ ਇਸ ਉਪਰੰਤ 1998 ਵਿਚ ਵਿਸ਼ਵਾਸਘਾਤ ਨਾਂ ਦਾ ਨਾਵਲ ਹਿੰਦੀ ਸਾਹਿਤ ਜਗਤ ਦੀ ਝੋਲੀ ਪਾਏ।

ਸ੍ਰੀ ਅਨੰਦ ਜੀ ਨਾਲ ਮੇਰੀ ਪਹਿਲੀ ਮੁਲਾਕਾਤ ਮੇਰੀ ਮਾਣਯੋਗ ਅਧਿਆਪਕ ਸ੍ਰੀ ਐਚ. ਐਲ. ਕਪੂਰ ਜੀ ਤੇ ਉਹਨਾਂ ਦੀ ਸੁਪਤਨੀ ਜੋ ਆਪ ਵੀ ਇਕ ਅਧਿਆਪਕਾ ਹਨ, ਨਾਲ ਸਿੱਖ ਟੈਂਪਲ ਐਲਸਬਰਾਂਟੇ (ਕੈਲੇਫੋਰਨੀਆ) ਵਿਖੇ ਪਿਛਲੇ ਮਹੀਨੇ ਯਾਨਿ ਕਿ 19 ਜਨਵਰੀ ਨੂੰ ਹੋਈ। ਇਸ ਸੰਖੇਪ ਮੁਲਾਕਾਤ ਦੌਰਾਨ ਸ੍ਰੀ ਅਨੰਦ ਜੀ ਜੋ ਪਿੱਛੋਂ ਦੁਆਬੇ ਤੋਂ ਹਨ ਤੇ ਦੇਸ਼ ਦੁਆਬਾ ਅਖਬਾਰ ਪ੍ਰਤੀ ਉਹਨਾਂ ਆਪਣੀ ਦਿਲੀ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਮੈਨੂੰ ਪੇਪਰ ਬਹੁਤ ਵਧੀਆ ਲੱਗਾ ਤੇ ਮੈਂ ਵੀ ਕੁਝ ਬਣਦਾ ਆਪਣਾ ਯੋਗਦਾਨ ਲਿਖਤਾਂ ਰਾਹੀਂ ਪਾਉਣਾ ਚਾਹੁੰਦਾ ਹਾਂ ਪਰ ਮੇਰੀਆਂ ਲਿਖਤਾਂ ਹਿੰਦੀ ਵਿਚ ਹਨ। ਅਨੰਦ ਸਾਹਿਬ ਦੀਆਂ ਸਾਹਿਤਕ ਰੁਚੀਆਂ ਅਤੇ ਉਹਨਾਂ ਦੀ ਦੇਸ਼ ਦੁਆਬਾ ਵਿਚ ਛਪਣ ਦੀ ਚਾਹਤ ਨੇ ਸਾਨੂੰ ਕੋਈ ਰਸਤਾ ਲੱਭਣ ਲਈ ਅਤੇ ਸੋਚਣ ਲਈ ਮਜਬੂਰ ਕਰ ਦਿੱਤਾ। ਫਿਰ ਇਸ ਦਾ ਹੱਲ ਵੀ ਜਲਦੀ ਲੱਭ ਲਿਆ ਗਿਆ ਕਿ ਇਹਨਾਂ ਦੀਆਂ ਲਿਖਤਾਂ ਨੂੰ ਇਕ ਤਜਰਬੇ ਵਜੋਂ ਪੜ੍ਹਨ ਵਿਚ ਪੰਜਾਬੀ ਪਰ ਬੋਲਣ ਸਮਝਣ ਵਿਚ ਹਿੰਦੀ ਸਕਰਿਪਟ ਵਿਚ ਸ਼ੁਰੂ ਕਰਕੇ ਦੇਖਿਆ ਜਾਵੇ। ਸਾਡਾ ਇਹ ਫੈਸਲਾ ਅਤੇ ਤਜਰਬਾ ਕਿਥੋਂ ਤੱਕ ਸਫਲ ਹੁੰਦਾ ਹੈ, ਦਾ ਉਤਰ ਅਸੀਂ ਆਣੇ ਦੇਸ਼ ਦੁਆਬਾ ਦੇ ਮਾਣਯੋਗ ਪਾਠਕ ਸਾਹਿਬਾਨ ਤੇ ਛੱਡਦੇ ਹਾਂ ਕਿ ਉਹਨਾਂ ਨੂੰ ਕਿਵੇਂ ਲੱਗਦਾ ਹੈ।

ਹੁਣ ਰਹੀ ਗੱਲ ਉਹਨਾਂ ਦੇ ਪ੍ਰਕਾਸ਼ਿਤ ਕਰਨ ਜਾ ਰਹੇ ਨਾਵਲ ਬਾਰੇ ਦੱਸਣਾ ਚਾਹੁੰਦੇ ਹਾਂ ਕਿ ਸ੍ਰੀ ਚਰਨ ਅਨੰਦ ਸਾਹਿਬ ਨੇ ਆਪਣਾ ਇਹ ਨਾਵਲ ਛਪਣ ਤੋਂ ਪਹਿਲਾਂ ਹੀ ਲੜੀਵਾਰ ਦੇਸ਼ ਦੁਆਬਾ ਵਿਚ ਛਪਾਉਣ ਦੀ ਜੋ ਫਰਾਖਦਿਲੀ ਦਿਖਾਈ ਅਸੀਂ ਚਾਹੁੰਦੇ ਹਾਂ ਕਿ ਪਾਠਕ ਸਾਹਿਬਾਨ ਵੀ ਉਹਨਾਂ ਦੇ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਲੜੀਵਾਲ ਨਾਵਲ ਪ੍ਰਤੀ ਆਪਣੇ ਵਿਚਾਰਾਂ ਨੂੰ ਸਾਡੇ ਤੱਕ ਜਾਂ ਉਹਨਾ ਤੱਕ ਪਹੁੰਚਾਉਣ।

ਪਾਠਕਾਂ ਦਾ ਸਹੀ ਨਿਰਣਾ ਹੀ ਲੇਖਕ ਦੀ ਲਿਖਤ ਵਿਚ ਚੰਗਿਆਈਆਂ ਅਤੇ ਊਣਤਾਈਆਂ ਤੋਂ ਜਾਣੂ ਕਰਵਾ ਕੇ ਉਸ ਨੂੰ ਇਕ ਖਾਸ ਮੁਕਾਮ ਤੱਕ ਪਹੁੰਚਾ ਦਿੰਦਾ ਹੈ। ਸੋ ਲੇਖਕ ਅਤੇ ਅਦਾਰਾ ਦੇਸ਼ ਦੁਆਬਾ ਤੁਹਾਡੇ ਦਿੱਤੇ ਹਰ ਫੈਸਲੇ ਨੂੰ ਗੰਭੀਰਤਾ ਨਾਲ ਵਿਚਾਰੇਗਾ ਤੇ ਤੁਹਾਡੇ ਆਏ ਲਿਖਤੀ ਵਿਚਾਰਾਂ ਨੂੰ ਹੂਬਹੂ ਛਪਣ ਦੀ ਵੀ ਖੁਸ਼ੀ ਮਹਿਸੂਸ ਕਰਾਂਗੇ।

ਲੇਖਕ ਨੇ ਆਪਣੇ ਇਸ ਨਾਵਲ ਵਿਚ ਕੀ ਤੇ ਕਿਸ ਬਾਰੇ ਲਿਖਿਆ, ਉਸ ਦੀ ਸਾਫ ਝਲਕ ਇਸ ਨਾਵਲ ਦੇ ਨਾਂ ਤੋਂ ਲੱਗ ਜਾਂਦੀ ਹੈ। ਫਿਰ ਉਸ ਦੇ ਦੱਸਣ ਮੁਤਾਬਕ ਦੱਸਣਾ ਚਾਹੁੰਦੇ ਹਾਂ ਕਿ ਪੰਜਾਬ ਤੋਂ ਜੋ ਲੋਕ ਬਾਹਰਲੇ ਮੁਲਕਾਂ ਵਿਚ ਰੋਜ਼ੀ ਰੋਟੀ ਕਮਾਉਣ ਲਈ ਆਉਂਦੇ ਹਨ, ਉਹਨਾਂ ਨੂੰ ਦੇਸ਼ ਤੋਂ ਵਿਦੇਸ਼ ਪਹੁੰਚਣ ਤੱਕ ਅਤੇ ਇੱਥੇ ਪਹੁੰਚ ਕੇ ਸਥਾਪਤ ਹੋਣ ਵਿਚ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹਨਾਂ ਦੇ ਸੰਘਰਸ਼ ਅਤੇ ਪੰਜਾਬ ਤੋਂ ਵਿਦੇਸ਼ ਆਉਣ ਤੱਕ ਟਰੈਵਲ ਏਜੰਟਾਂ ਰਾਹੀਂ ਸਹਿਣੀਆਂ ਪੈਂਦੀਆਂ ਖੱਜਲ ਖੁਆਰੀਆਂ ਫਿਰ ਪੰਜਾਬ ਤੋਂ ਆਉਂਦੇ ਰਾਜਨੀਤਿਕ ਲੀਡਰਾਂ ਅਤੇ ਇਸ ਦੇ ਨਾਲ ਹੀ ਪੰਜਾਬ ਦੇ ਵਿਹਲੜ ਸਭਿਆਚਾਰ ਆਦਿ ਬਾਰੇ ਅਤੇ ਉਥੋਂ ਦੇ ਸਦੀਆਂ ਤੋਂ ਚਲੇ ਆ ਰਹੇ ਜਾਤੀ ਸਿਸਟਮ, ਭੋਲੇ ਭਾਲੇ ਸਮਾਜ ਨੂੰ ਲੁੱਟਣ ਵਾਲੇ ਪਾਖੰਡੀ ਸਾਧ, ਪਾਖੰਡੀ ਡੇਰਾਵਾਦ ਦੀ ਮਾਰ ਅਤੇ ਕਾਲੇ ਇਲਮ, ਤਵੀਤੜੀਆਂ, ਪੁੱਤਾਂ ਦੀ ਪ੍ਰਾ-ਪਤੀ ਲਈ ਪਾਖੰਡੀ ਸਾਧਾਂ ਦੇ ਪਿੱਤੇ ਫਿਰਨਾ ਆਦਿ ਪ੍ਰਵਾਸੀ ਪੰਜਾਬੀ/ਭਾਰਤੀਆਂ ਦੀ ਦਸਾਂ ਨਹੁੰਆਂ ਦੀ ਹੱਡ ਭੰਨਵੀਂ ਕਮਾਈ ਨੂੰ ਕਿਵੇਂ ਪਲਾਂ ਵਿਚ ਹੜੱਪ ਕਰ ਲੈਂਦੇ ਹਨ। ਅਜਿਹੀਆਂ ਗੱਲਾਂ ਦੇਖ ਕੇ ਇੰਝ ਲੱਗਦਾ ਹੈ ਕਿ ਲੁੱਟੇ ਜਾ ਰਹੇ ਲੋਕ ਜੋ ਇੱਥੇ ਕਮਾਈ ਕਰਨ ਆਏ ਸਨ, ਇੱਥੇ ਵੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ।

ਚਿੱਟੇ ਨਜ਼ਰ ਆਉਂਦੇ ਹਨ ਇਹ ਸਾਰੇ ਵਰਤਾਰੇ, ਪਰ ਇਹ ਲੋਕ ਇਕ ਬਗਲੇ ਦੀ ਤਰ੍ਹਾਂ ਹਨ ਜੋ ਬਾਹਰੋਂ ਦੇਖਣ ਵਿਚ ਕਿੰਨੇ ਸੋਚਣੇ ਲੱਗਦੇ ਹਨ ਅਤੇ ਅੰਦਰੋਂ ਇਹਨਾਂ ਦੀਆਂ ਨੀਤਾਂ ਕਿੰਨੀਆਂ ਕਾਲੀਆਂ ਹਨ।

ਇਹ ਸਭ ਕੁਝ ਉਹ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ।ਇਸ ਤਰ੍ਹਾ ਇਹ ਲੋਕ ਵੀ ਜਦੋਂ ਨੇੜੇ ਆਉ ਹਨ ਤਾਂ ਸਾਫ ਲੱਗਦੇ ਹਨ ਪਰ ਜਦੋਂ ਆਪਣਾ ਕੰਮ ਕਰ ਜਾਂਦੇ ਹਨ ਤਾਂ ਪਤਾ ਲੱਗਦਾ ਹੈ ਕਿ ਉਹ ਤਾਂ ਸਾਨੂੰ ਲੁੱਟ ਗਏ।

- (ਸੰਪਾਦਕ)

# ਸਤਿਗੁਰੂ ਰਵਿਦਾਸ ਜੀ ਦਾ 'ਬੇਗਮ ਪੁਰੇ ਦਾ ਅਹਿਸਾਸ'



ਐਚ. ਐਲ. ਕਪੂਰ
1-289-401-0728

ਭਗਤੀ ਮੱਤ ਭਾਰਤ ਦੇ ਦੱਖਣ ਵਿਚ ਪੈਦਾ ਹੋਇਆ। ਇਹਨਾਂ ਦੇ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰ 'ਰੁਦ੍ਰ' ਦੀ ਪੂਜਾ ਜਿਸ ਨੂੰ ਮਗਰੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਕੁਦਰਤ ਦੀ ਬਖ਼ਸ਼ੀ ਹਰ ਚੀਜ਼ ਜਿਵੇਂ:- ਹਵਾ, ਪਾਣੀ, ਸੂਰਜ, ਚੰਦ, ਅਗਨੀ ਦਰਖਤ, ਮੀਂਹ, ਪਹਾੜ ਆਦਿ ਨੂੰ ਦੇਵਤਾ ਮੰਨ ਕੇ ਉਸ ਦੀ ਪੂਜਾ ਕੀਤੀ ਜਾਂਦੀ ਸੀ। ਇਸ ਪੂਜਾ ਦੇ ਕਰਮ ਤੇ ਬ੍ਰਾਹਮਣਵਾਦ ਤੇ ਪ੍ਰੋਹਿਤਵਾਦ ਦਾ ਪੂਰਨ ਕਬਜ਼ਾ ਸੀ। ਇਹਨਾਂ ਕੁਦਰਤੀ ਵਸਤਾਂ ਦੀ ਭੋਲੇ-ਭਾਲੇ ਲੋਕਾਂ ਨੂੰ ਕੋਈ ਵਿਗਿਆਨਕ ਸੋਝੀ ਨਹੀਂ ਸੀ। ਪ੍ਰੋਹਿਤ ਦੀ ਵਿਚੋਲਗੀ ਤੋਂ ਬਿਨਾਂ ਇਸ ਦਾ ਕੋਈ ਵੀ ਧਰਮ ਦਾ ਕਰਮ ਸੰਪੂਰਨ ਨਹੀਂ ਮੰਨਿਆ ਜਾਂਦਾ ਸੀ। ਇਸ ਵਿਚ ਖਾਸ ਤੌਰ ਤੇ ਪੁੰਨ-ਦਾਨ ਦਾ ਕਰਮ ਖਾਸ ਮਹੱਤਤਾ ਰੱਖਦਾ ਸੀ। ਇਸ ਕਰਮ ਦੀ ਆੜ ਵਿਚ ਹੀ ਪ੍ਰੋਹਿਤ ਵਰਗ ਭੋਲੀ-ਭਾਲੀ ਜਨਤਾ ਨੂੰ ਆਰਥਿਕ ਤੌਰ ਤੇ ਲੁੱਟਦਾ ਸੀ। ਬੁੱਧ ਮੱਤ ਨੇ ਇਸ ਤਰ੍ਹਾਂ ਦੇ ਕਰਮ ਕਾਂਡੀ ਜਾਲ ਦੀਆਂ ਤੰਦਾਂ ਤੋੜੀਆਂ ਤੇ ਮਨੁੱਖ ਦੇ ਸੁਤੰਤਰ ਚਿੰਤਨ ਨੂੰ, ਸੁਤੰਤਰਤਾ ਤੇ ਧਰਮ ਦੇ ਇਖਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ।

ਕੁਝ ਸਮੇਂ ਬਾਅਦ ਸਰਗੁਣਵਾਦੀ ਧਾਰਾ ਦੀਆਂ ਵੀ ਦੋ ਸ਼ਾਖਾਵਾਂ ਹੋ ਗਈਆਂ 'ਆਲਵਰ' ਭਗਤਾਂ ਦਾ ਇਕ ਦਲ 'ਵੈਸ਼ਨਵ', ਦੂਜਾ ਸ਼ੰਕਰਾਚਾਰੀਆ ਨੂੰ ਮਹਾਨ ਸ਼ੰਕਰ (ਰੁਦ੍ਰ-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ 'ਸ਼ੈਵਮਤ' ਇਹਨਾਂ ਦੋਹਾਂ ਮੱਤਾਂ ਵਿਚੋਂ ਦੱਖਣ ਵਿਚ ਸ਼ੈਵਮਤ ਦਾ ਜ਼ੋਰ ਬਹੁਤ ਵੱਧ ਗਿਆ। ਇਸ ਕਾਰਨ ਦੋਹਾਂ ਦਲਾਂ ਵਿਚ ਆਪਸੀ ਮਾਰੂ ਝਗੜੇ ਸ਼ੁਰੂ ਹੋ ਗਏ।

ਇਨ੍ਹਾਂ ਭਗਤੀ ਦਲਾਂ ਵਿਚ ਵਿਸ਼ਨੂੰ ਮੱਤ ਦੇ ਅਚਾਰੀਆ ਰਾਮਾਨੁਜ ਜੀ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਉਹਨਾਂ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉਚ ਕੋਟੀ ਦੇ ਸ਼ਾਸਤ੍ਰੀ ਅਰਥਾਂ ਦੀ ਕਸਵੱਟੀ ਉਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਾਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਵਿਸ਼ਨੂੰ ਲਕਛਮੀ ਦੀ ਕਲਪਨਾ ਨੇ ਅੱਗੇ ਚੱਲ ਕੇ ਕ੍ਰਿਸ਼ਨ ਲੀਲਾ ਅਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ ਰਾਧਾ-ਕ੍ਰਿਸ਼ਨ ਦਾ ਮੰਤਰ ਦਿੱਤਾ। ਇਸ ਨਾਲ ਮੰਦਰਾਂ ਦੀ ਉਸਾਰੀ ਧੜਾਧੜ ਹੋਣ ਲੱਗ ਪਈ ਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਸਿਖਰਾਂ ਤੇ ਪਹੁੰਚ ਗਈ। ਮੰਦਰਾਂ ਵਿਚ ਦਲਿਤਾਂ ਤੇ ਸ਼ੂਦਰਾਂ ਨੂੰ ਜਾਣ ਤੋਂ ਰੋਕ ਦਿੱਤਾ ਗਿਆ, ਉਹ ਇਸ ਤਰ੍ਹਾਂ ਪ੍ਰਭੂ-ਭਗਤੀ ਦੀ ਉਪਾਸਨਾ ਨਾ ਕਰ ਸਕਣ ਕਰਕੇ, ਉਸ ਦੀ ਪ੍ਰਾਪਤੀ ਨਾ ਕਰ ਸਕੇ।

ਸਵਾਮੀ ਰਾਮਾਨੰਦ ਜੀ, ਆਚਾਰੀਆ ਰਾਮਾਨੁਜ ਪੱਧਤੀ ਦੇ ਚੌਦਵੇਂ ਆਚਾਰੀਆ ਸਨ। ਉਹਨਾਂ ਨੇ ਰਾਮਾਨੁਜ ਜੀ ਦੀ 'ਰਾਧਾ ਕ੍ਰਿਸ਼ਨ' ਭਗਤੀ ਦੇ ਉਲਟ 'ਰਾਮ ਭਗਤੀ' ਤੇ ਜ਼ੋਰ ਦਿੱਤਾ। ਉਹ ਉਤਰੀ ਭਾਰਤ ਵਿਚ ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰਾਣੀ 'ਸੰਪ੍ਰਦਾਇ-ਰਾਮਾਨੁਜੀ' ਕ੍ਰਿਸ਼ਨ ਭਗਤੀ ਤੋਂ ਵੱਖਰੀ 'ਰਾਮ ਭਗਤੀ ਸ਼ਾਖਾ' ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਅਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ।

ਇਸ ਤਰ੍ਹਾਂ ਕ੍ਰਿਸ਼ਨ ਭਗਤੀ ਜੋ ਭਗਤੀ ਮੱਤ ਦੀ ਪਹਿਲੀ ਪ੍ਰਚੱਲਿਤ ਪ੍ਰਣਾਲੀ ਸੀ, ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾ ਨੰਦ ਜੀ ਉੱਤਰੀ ਭਾਰਤ ਵਿਚ ਭਗਤ-ਮੰਡਲੀ ਦੀ ਪ੍ਰਥਮ ਸ਼ਖ਼ਸੀਅਤ ਸਨ। ਪਹਿਲਾਂ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਭਗਤੀ ਲਹਿਰ ਦੇ 15 ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ। ਸਤਿਗੁਰੂ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 16 ਰਾਗਾਂ ਵਿਚ ਦਰਜ ਹੈ। ਕੁੱਲ ਬਾਣੀ ਇਕ ਸਲੋਕ ਸਮੇਤ 41 ਪਦੇ ਹਨ। ਪਦਿਆਂ ਵਿਚ ਵੱਖ-ਵੱਖ ਵਿਸ਼ੇ ਹਨ। ਸਭ ਤੋਂ ਵਿਲੱਖਣ ਚੀਜ਼ ਇਹ ਹੈ ਕਿ ਰਵਿਦਾਸ ਜੀ ਨੇ ਬੜੀ ਨਿਸੰਗਤਾ ਨਾਲ ਆਪਣੀ ਜਾਤੀ ਅਤੇ ਆਪਣੇ ਕਿੱਤੇ ਨੂੰ ਨਿਰਸੰਕੋਚ ਸ਼ਬਦਾਂ ਵਿਚ ਬਿਆਨ ਕੀਤਾ ਹੈ।

ਜਿਸ ਜਾਤੀ ਅਤੇ ਧੰਦੇ ਨੂੰ ਬਹੁਤ ਘਟੀਆ, ਨੀਚ ਅਤੇ ਭ੍ਰਿਸ਼ਟ ਮੰਨਿਆ ਜਾਂਦਾ ਸੀ, ਉਸ ਬਾਰੇ ਉਹ ਇਸ ਤਰ੍ਹਾਂ ਬਿਆਨ ਕਰਦੇ ਹਨ, ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।। ਕਹਿ ਰਵਿਦਾਸ ਖਲਾਸ ਚਮਾਰਾ।। ਲੋਗ ਗਠਾਵੈ ਪਨਹੀ।।

ਰਵਿਦਾਸ ਜੀ ਨੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਤੇ ਉਸ ਰਾਹੀ., 'ਨਿਰੰਜਨ ਪਾਉਣ' ਦੇ ਅਹਿਸਾਸ ਵਰਣਨ ਕੀਤੇ ਹਨ। ਪ੍ਰੇਮਾ ਭਗਤੀ ਦੇ ਰਾਹ ਚੱਲ ਕੇ, 'ਮਿਲ ਸਾਧ ਸੰਗਤ ਪਾਈ ਪਰਮ ਗਤੇ।' 'ਗੁਰੂ ਪ੍ਰਸਾਦਿ ਨਿਰੰਜਨ ਪਾਵਉ' ਦੇ ਸੰਕੇਤਾਂ ਰਾਹੀਂ ਦਰਸਾਇਆ ਹੈ, ਕਿ ਮੈਂ ਇਹ ਉਚ ਪਦਵੀ ਕਿਵੇਂ ਪ੍ਰਾਪਤ ਕੀਤੀ ਹੈ।

ਰਵਿਦਾਸ ਜੀ ਦੀ ਬਾਣੀ ਵਿਚ ਆਏ ਦੋ ਵਿਚਾਰ ਅਧਿਆਤਮਕ ਪੱਖੋਂ ਬਹੁਤ ਮਹੱਤਤਾ ਰੱਖਦੇ ਹਨ। ਪਹਿਲਾ ਹੈ ਆਤਮ ਗਿਆਨ ਦਾ ਪ੍ਰਗਾਸ, ਦੂਜਾ ਹੈ ਪ੍ਰੇਮਾ ਭਗਤੀ ਦਾ ਗਿਆਨ ਦਾ ਪ੍ਰਕਾਸ਼ ਹੋ ਜਾਣ ਦੇ ਵੀ ਦੋ ਅਨੁਭਵ ਦੱਸੇ ਹਨ। ਇਕ ਗਿਆਨ ਦੀ ਉਪਜ ਦਾ, 'ਉਪਜਿਓ ਗਿਆਨ ਹੂਆ ਪ੍ਰਕਾਸ।।' ਦੂਸਰਾ ਹੈ ਗਿਆਨ ਦੇ ਹੋ ਜਾਣ ਕਾਰਨ ਕਰਮਾਂ ਦੇ ਨਾਸ਼ ਹੋ ਜਾਣ ਦਾ 'ਗਿਆਨ ਭਇਆ ਤਹ ਕਰਮਹ ਨਾਸੁ।' ਗਿਆਨ ਪ੍ਰਾਪਤੀ ਦਾ ਸਾਧਨ ਉਹਨਾਂ ਸਾਧੂ- ਸੰਤਾਂ ਦੀ ਸੰਗਤ ਦੱਸਿਆ ਹੈ। 'ਸਾਧੂ ਕੀ ਮਨ ਲੇਹ ਓਟ' ਇਸ ਤੋਂ ਅੱਗੇ ਚੱਲ ਕੇ ਨਿਰੰਜਨ ਪ੍ਰਾਪਤੀ ਦਾ ਸਾਧਨ, ਗੁਰੂ ਪਾਰਬ੍ਰਹਮ ਦੀ ਕ੍ਰਿਪਾ ਨੂੰ ਮੰਨਿਆ ਹੈ। 'ਗੁਰੂ ਪ੍ਰਸਾਦਿ ਨਿਰੰਜਨ ਪਾਵਉ' ਪ੍ਰੇਮ ਭਾਵਨਾ ਹੀ, ਨਿਰੰਜਨ ਪ੍ਰਾਪਤੀ ਦਾ ਸਾਧਨ ਹੈ, ਜੋ ਸਾਧੂ ਸੰਤਾਂ ਦੀ ਸੰਗਤ ਤੇ ਗੁਰੂ ਕ੍ਰਿਪਾ ਤੋਂ ਪ੍ਰਾਪਤ ਹੁੰਦੀ ਹੈ।

ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ ਭਾਵ ਬਿਨੁ ਭਗਤਿ ਨਹੀਂ ਹੋਈ ਤੇਰੀ।।

ਪ੍ਰੇਮ ਭਾਵਨਾ ਦੀ ਭਾਵੇਂ ਕੋਈ ਸ਼ਕਲ ਜਾਂ ਸਰੂਪ ਨਹੀਂ ਹੈ, ਪਰ ਉਸ ਦੀ ਪਕੜ ਦੁਨਿਆਵੀ ਵਸਤਾਂ ਨਾਲੋਂ ਵੀ ਕਿਤੇ ਜ਼ਿਆਦਾ ਮਜ਼ਬੂਤ ਹੈ। ਪ੍ਰੇਮ ਦੀ ਸੰਗਲੀ ਕਦੇ ਟੁੱਟ ਨਹੀਂ ਸਕਦੀ।

ਜੋ ਜਗਿਆਸੂ ਪ੍ਰੇਮ ਬੰਧਨ ਵਿਚ ਬੱਝਿਆ ਹੁੰਦਾ ਹੈ, ਤਾਂ ਉਹ ਅਰੂਪ ਪ੍ਰੀਤਮ ਜਿਸ ਦੀ ਕੋਈ ਸ਼ਕਲ ਨਹੀਂ ਹੁੰਦੀ ਉਹ ਵੀ ਪ੍ਰੇਮ ਬੰਧਨਾਂ ਤੋਂ ਬਚਿਆ ਨਹੀਂ ਰਹਿ ਸਕਦਾ। ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪ੍ਰੇਮਾ ਭਗਤੀ ਨੂੰ ਮੁੱਖ ਪਹਿਲ ਦਿੱਤੀ ਹੈ। ਤੀਰਥਾਂ ਤੇ ਜਾਣ ਤੇ ਉਥੇ ਜਾ ਕੇ ਕਰਮਕਾਂਡੀ ਕਰਵਾਉਣ ਦੀਆਂ ਵਿਧੀਆਂ ਦੀ ਘੋਰ ਵਿਰੋਧਤਾ ਕੀਤੀ ਹੈ। ਨਿੰਦਕ ਦੀ ਵੀ ਘੋਰ ਵਿਰੋਧਤਾ ਕੀਤੀ ਹੈ ਤੇ ਦੱਸਿਆ ਹੈ ਕਿ ਨਿੰਦਕ ਦੀ ਸਮਾਜ ਵਿਚ ਕਿਤੇ ਵੀ ਕੋਈ ਥਾਂ ਨਹੀਂ ਹੈ:

'ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ।।'

ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਾ ਛੋਹਿਆ ਜਾਣ ਵਾਲਾ ਭ੍ਰਿਸ਼ਟ ਪਾਣੀ ਸੁਰਸਰੀ ਵਿਚ ਮਿਲ ਕੇ ਪਵਿੱਤਰ ਹੋ ਜਾਂਦਾ ਹੈ, ਜਿਸ ਤਰ੍ਹਾਂ ਉਹ ਕਾਗਜ, ਜਿਸ ਉਤੇ ਪ੍ਰਭੂ ਭਗਤੀ ਲਿਖੀ ਹੁੰਦੀ ਹੈ, ਉਹ ਪੂਜਣਯੋਗ ਬਣ ਜਾਂਦਾ ਹੈ, ਜਿਸ ਮਾਨਵ ਦੇ ਹਿਰਦੇ ਵਿਚ ਪ੍ਰਭੂ ਵਾਸ ਕਰਦਾ ਹੈ, ਉਹ ਮਾਨਵ ਵੀ ਪੂਜਣਯੋਗ ਬਣ ਜਾਂਦਾ ਹੈ। 'ਹਰਿ ਜਪਤ ਤੇਊ ਜਨਾ ਕਬੀਰ' ਬਾਲਮੀਕ ਪੂਜਣਯੋਗ ਮੰਨੇ ਜਾਂਦੇ ਹਨ। ਪ੍ਰਭੂ ਦੇ ਨਾਮ ਦੇ ਕਾਰਨ ਹੀ, ਕਬੀਰ ਜੀ ਉਜਾਗਰ ਹੋਏ ਅਤੇ ਸਧਨਾ ਸੈਣ ਤੁਰੇ।

ਰਵਿਦਾਸ ਜੀ ਦੀ ਬਾਣੀ ਵਿਚ ਪੌਰਾਣਿਕ ਪੰਥੀ ਭਗਤਾਂ ਦਾ ਵੀ ਵਰਨਣ ਹੈ। ਗੌਤਮ ਨਾਰ ਦੀ ਜੀਵਨੀ ਵੱਲ ਵੀ ਇਸ਼ਾਰਾ ਹੈ। ਇਨਸਾਨ ਦੀ ਮਾਇਆ ਪ੍ਰਾਪਤੀ ਵੱਲ ਵਧੀ ਰੁਚੀ, ਸਰੀਰ ਦੀ ਹਉਮੈ ਨੂੰ ਆਪਣੇ ਕਾਬੂ ਵਿਚ ਰੱਖ ਕੇ, ਸਰੀਰਕ ਸ਼ਕਤੀ ਨੂੰ ਸੰਭਾਲ ਕੇ ਵਰਤਣ ਦੀ ਪ੍ਰੇਰਨਾ ਵੀ ਦਿੱਤੀ ਹੈ। ਮਾਇਆ ਗਈ ਤਬ ਰੋਵਨੁ ਲਗਤ ਹੈ। ਆਖਰ ਸਰੀਰ ਕੀ ਹੈ? ਇਕ ਪਾਣੀ ਦੀ ਕੱਚੀ ਕੰਧ। 'ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।' ਇਸ ਲਈ ਹੇ! ਮਨੁਸ਼ ਆਪਣੇ ਸਰੀਰ ਦਾ ਗਰਬ ਨਾ ਕਰ ਸਗੋਂ ਇਸ ਸਰੀਰ ਨੂੰ ਮਾਨਵ ਕਲਿਆਣ ਲਈ ਵਰਤ।

ਰਵਿਦਾਸ ਜੀ ਦੀ ਬਾਣੀ ਵਿਚ, ਸਭ ਲੋਕਾਈ ਦੇ ਕਲਿਆਣ ਦੀ ਤੜਪ ਹੈ। ਮਾਨਵਤਾ ਦੇ ਕਲਿਆਣ ਲਈ ਡੂੰਘੀ ਇੱਛਾ ਸ਼ਕਤੀ ਹੈ। ਪ੍ਰਮਾਤਮਾ ਨੂੰ ਸਾਖਿਆਤ ਕਰਨ ਲਈ ਵਿਸਮਾਦੀ ਅਨੁਭਵ ਹੈ। ਕਰਮਸ਼ੀਲਤਾ ਦੀ ਸਿੱਖਿਆ ਹੈ। ਸਮਾਜਿਕ ਦੁਸ਼ਵਾਰੀਆਂ ਅਤੇ ਰੁਕਾਵਟਾਂ ਉਤੇ ਯਕੀਨਨ ਵਿਜੇ ਪ੍ਰਾਪਤ ਕਰਨ ਦਾ ਸੰਦੇਸ਼ ਹੈ। ਰਵਿਦਾਸ ਜੀ ਦੀ ਕਲਾਕ੍ਰਿਤ ਵਿਚ ਇਕ ਜਗਿਆਸੂ ਭਗਤ ਲਈ, ਉਹਨਾਂ ਅਮੋਲਕ ਖਜ਼ਾਨਿਆਂ ਦੀ ਪੂੰਜੀ ਹੈ। ਜਿਹਨਾਂ ਦੀ ਕੀਮਤ ਮਾਨਵਤਾ ਦੇ ਦਰ ਤੇ ਕਦੀ ਘਟੇਗੀ ਨਹੀਂ। ਨਿਮਰਤਾ, ਹਲੀਮੀ, ਉਦਾਰਤਾ, ਖਿਮਾ, ਸਹਿਣਸ਼ੀਲਤਾ ਤੇ ਸਾਦਗੀ ਦੇ ਉਹ ਖਿੜੇ ਫੁੱਲ ਹਨ, ਜਿਹਨਾਂ ਦੀ ਮਹਿਕ ਕਦੇ ਪੁਰਾਣੀ ਨਹੀਂ ਹੋ ਸਕਦੀ। ਰਵਿਦਾਸ ਜੀ ਦੀ ਰਚਨਾ ਵਿਚ ਕਲਾ-ਕੌਸ਼ਲਤਾ, ਭਾਸ਼ਾ ਦੀ ਸੰਜਮਤਾ, ਭਾਵਾਂ ਦੀ ਨਿਰੂਪਣਤਾ ਦੇ ਪ੍ਰਪੱਕ ਉਦਾਹਰਣ ਦੇਖਣੇ ਹੋਣ ਤਾਂ ਨਿਮਨ ਦੇ ਸੱਤਰਾਂ ਹੀ ਕਾਫੀ ਹਨ, ਜਿਹਨਾਂ ਵਿਚ ਇਕੋ ਸਮੇਂ ਕਈ ਖਿਆਲ ਪਰੋ ਦਿੱਤੇ ਹਨ:

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।।

ਕੰਨਾਂ ਦਾ ਰਸ ਹਿਰਨ ਨੂੰ, ਮੱਛੀ ਨੂੰ ਜੀਭ ਦਾ ਰਸ, ਪਤੰਗੇ ਨੂੰ ਅੱਖਾਂ ਦਾ, ਹਾਥੀ ਨੂੰ ਕਾਮ ਦਾ, ਸਾਰਿਆਂ ਲਈ ਇਕ ਇਕ ਵਿਕਾਰੀ ਰਸ, ਜੋ ਵਿਨਾਸ਼ ਦਾ ਕਾਰਨ ਬਣਦਾ ਹੈ, ਜਿਸ ਮਨੁੱਖ ਵਿਚ ਪੰਜ ਵਿਕਾਰੀ ਅਸਾਧ ਰੋਗ ਰਚੇ ਹੋਏ ਹਨ, ਉਸ ਦੇ ਬਚਣ ਦੀ ਕੀ ਆਸ ਹੈ। ਇਸੇ ਖਿਆਲ ਨੂੰ ਹੋਰ ਜਗਾ ਤੇ ਵੀ ਦੁਹਰਾਇਆ ਹੈ। ਇਹ ਪੰਜੇ ਮੈਨੂੰ ਪਲ-ਪਲ ਹਰੀ ਤੋਂ ਦੂਰ ਕਰ ਰਹੇ ਹਨ:-

ਇਨ ਪੰਚਨ ਮੇਰੋ ਮਨੁ ਜ ਬਿਗਾਰਿਓ।।
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ।।

ਰਵਿਦਾਸ ਜੀ ਬੜੇ ਸਹਿਜ ਸੁਭਾਅ ਅਤੇ ਨਿਮਰਤਾ ਨਾਲ ਆਪਣੇ ਚਮੜਾ ਗੰਢਣ ਵਾਲੇ ਸੰਦਾਂ ਦਾ ਅਧਿਆਤਮਵਾਦੀ ਰੰਗਣ ਵਿਚ ਵਰਣਨ ਕਰਦੇ ਹਨ। ਆਪਣੇ ਕਿੱਤੇ ਦੀ ਅਜਿਹੀ ਅਧਿਆਤਮਕ ਵਿਆਖਿਆ ਕੋਈ ਵਿਦਵਾਨ ਮਹਾਂਪੁਰਸ਼ ਹੀ ਕਰ ਸਕਦਾ ਹੈ:-

ਚਮਰਟਾ ਗਾਂਠਿ ਨ ਜਨਈ।। ਲੋਗ ਗਠਾਵੈ ਪਨਹੀ
ਆਰ ਨਹੀਂ ਜਿਹ ਤੋਪਉ।। ਨਹੀਂ ਰਾਂਬੀ ਠਾਉ ਰੋਪਉ।।

ਭਗਤ ਰਵਿਦਾਸ ਜੀ ਦੀ ਰਚਨਾ ਵਿਚ ਬੜੀ ਸਰਲਤਾ ਤੇ ਵਿਚਾਰਾਂ ਦੀ ਬੜੀ ਸਪਸ਼ਟਤਾ ਹੈ। ਉਹ ਬੜੇ ਥੋੜੇ ਲਫ਼ਜ਼ਾਂ ਵਿਚ ਆਪਣੇ ਵਿਚਾਰ ਪ੍ਰਗਟਾ ਜਾਂਦੇ ਹਨ। ਕਈ ਥਾਂ ਤੇ ਕਮਾਲ ਦੇ ਸੰਜਮ ਭਰੇ ਖਿਆਲ ਹਨ। ਥੋੜ੍ਹੇ ਸ਼ਬਦਾਂ ਵਿਚ ਗਿਆਨ, ਵੈਰਾਗ, ਭਗਤੀ ਤੇ ਨਿਮਰਤਾ ਦੇ ਅਥਾਹ ਭੰਡਾਰ ਭਰੇ ਪਏ ਹਨ:

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ।।
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ।।

ਪੜ੍ਹਨ-ਗੁਣਨ ਨਾਲ ਕੁਝ ਨਹੀਂ ਹੁੰਦਾ, ਜੋ ਪਾਰਸ ਵਾਂਗ ਲੋਹੇ ਤੋਂ ਸੋਨਾ ਬਣਾ ਦੇਣ ਦੀ ਪਰਸਣ ਵਾਲੀ ਛੋਹ ਕਰਦੀ ਹੈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਦੇਖਿਆਂ ਸ੍ਰੀ ਰਵਿਦਾਸ ਜੀ ਦੀ ਗਿਆਨ ਪ੍ਰਪੱਕਤਾ ਦੀ ਅਵਸਥਾ ਦੀ ਸਾਹਦੀ ਦਿੰਦੀ ਹੈ:-

ਗਿਆਨੈ ਕਾਰਨ ਕਰਮ ਅਭਿਆਸੁ।।
ਗਿਆਨ ਭਇਆ ਤਹ ਕਰਮਹ ਨਾਸੁ।।

ਜਿਸ ਸਮੇਂ ਵਿਚ ਸ੍ਰੀ ਰਵਿਦਾਸ ਜੀ ਦਾ ਜਨਮ ਹੋਇਆ, ਉਸ ਸਮੇਂ ਨੂੰ ਭਾਰਤ ਦੇ ਇਤਿਹਾਸ ਵਿਚ ਮੱਧ-ਯੁੱਗ ਦਾ ਸਮਾਂ ਕਹਿੰਦੇ ਹਨ। ਇਸ ਮੱਧ-ਯੁੱਗ ਵਿਚ ਤੇ ਇਸ ਤੋਂ ਪਹਿਲੋਂ ਵੀ ਭਾਰਤ ਵਿਚ ਛੋਟੀਆਂ ਜਾਤੀਆਂ ਤੇ ਕਥਿਤ ਅਛੂਤ ਜਾਤੀਆਂ ਦੇ ਲੋਕਾਂ ਨੂੰ ਪਸ਼ੂਆਂ ਤੋਂ ਵੀ ਘਟੀਆ ਸਮਝਿਆ ਜਾਂਦਾ ਸੀ। ਇਨ੍ਹਾਂ ਜਾਤੀਆਂ ਵਿਚੋਂ ਕਿਸੇ ਨੂੰ ਵੀ ਸ਼ਾਸਤਰੀ ਗਿਆਨ ਜਾਂ ਸ਼ਾਸਤ੍ਰੀ ਗਿਆਨ ਪ੍ਰਾਪਤ ਕਰਨ ਦੀ ਸਜਾ ਮੌਤ ਦਿੱਤੀ ਜਾਂਦੀ ਸੀ। ਪ੍ਰਭੂ ਭਗਤੀ ਕਰਨੀ ਵੀ ਇਨ੍ਹਾਂ ਵਰਗਾਂ ਲਈ ਵੰਚਿਤ ਸੀ। ਪਤਾ ਲੱਗਣ ਤੇ ਪ੍ਰਭੂ ਭਗਤੀ ਦੀ ਸਜ਼ਾ ਸ੍ਰੀ ਰਾਮ ਚੰਦਰ ਜੀ ਵਰਗੇ ਨਿਆਂਸ਼ੀਲ ਅਵਤਾਰ ਵੀ ਉੱਚ ਜਾਤੀਆਂ ਵਾਲੀ ਮਰਿਆਦਾ ਪਾਲਣ ਤੋਂ ਪਿੱਛੇ ਨਹੀਂ ਹਟਦੇ ਸਨ, ਜਿਸ ਦਾ ਪ੍ਰਮਾਣ ਅਛੂਤ (ਸ਼ੰਬੂਕ) ਵੱਧ ਹੈ। ਉਸ ਸਮੇਂ ਦੇਸ਼ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਹਾਲਤ ਬਹੁਤ ਬੁਰੀ ਸੀ। ਇਸ ਬੁਰੀ ਹਾਲਤ ਦਾ ਲੋਕਾਂ ਤੇ ਕੋਈ ਚੰਗਾ ਪ੍ਰਭਾਵ ਨਹੀਂ ਸੀ। ਸਭਨਾਂ ਕਿਸਮਾਂ ਦੀ ਮੰਦੀ-ਦਸ਼ਾ ਦੀਆਂ ਜੜ੍ਹਾਂ, ਸਮਾਜਿਕ ਵਰਨ-ਵੰਡ ਦੀ ਜਟਿਲ ਅਵਸਥਾ ਵਿਚ ਸਨ। ਸਭ ਭਾਈਚਾਰਿਆਂ ਵਿਚ ਆਪਸੀ ਸਾਂਝ ਦੀ ਅਣਹੋਂਦ ਸੀ। ਜੇਕਰ ਇਕ ਵਰਗ ਨੂੰ ਕੋਈ ਮੁਸੀਬਤ ਪੈਂਦੀ ਤਾਂ ਦੂਸਰਾ ਵਰਗ ਉਸ ਦੀ ਮਦਦ ਲਈ ਮੈਦਾਨ ਵਿਚ ਨਾ ਆਉਂਦਾ, ਸਗੋਂ ਦੂਰ ਖੜ੍ਹੇ ਹੋ ਕੇ ਉਸ ਦਾ ਤਮਾਸ਼ਾ ਦੇਖਦਾ। ਮਾਨਵਤਾ ਦੀ ਕੋਈ ਸਾਂਝ ਨਹੀਂ ਸੀ। ਅਛੂਤ ਜਾਤੀਆਂ ਦਾ ਕੋਈ ਸਹਾਈ ਨਹੀਂ ਸੀ, ਹਵਾ ਤੱਕ ਦੇ ਛੋਹ ਕੇ ਆਉਂਦੇ ਬੁੱਲ੍ਹੇ ਵੀ ਕੁਲੀਨ ਜਾਤੀਆਂ ਨੂੰ ਭਿੱਟ ਚਾੜ੍ਹ ਜਾਂਦੇ ਸਨ। ਅਛੂਤ ਲੋਕਾਂ ਨੂੰ ਆਪਣੀ ਪਿੱਠ ਨਾਲ ਦਰਖਤ ਦੇ ਛਾਪੇ ਜਾਂ ਕੋਈ ਅਜਿਹੀ ਚੀਜ਼ ਬੰਨ੍ਹਣੀ ਪੈਂਦੀ ਸੀ ਜੋ ਰਸਤਿਆਂ ਤੇ ਚਲਦੇ ਸਮੇਂ ਉਹਨਾਂ ਦੇ ਪੈਰਾਂ ਦੇ ਨਿਸ਼ਾਨ ਮਿਟਾ ਦੇਵੇ, ਮਤਾ ਇਹ ਅਛੂਤਾਂ ਦੇ ਪਦ-ਚਿੰਨ੍ਹ ਕੁਲੀਨ ਸ਼੍ਰੇਣੀਆਂ ਨੂੰ ਭਿੱਟ ਨਾ ਚਾੜ੍ਹ ਦੇਣ।

ਵਰਣਾਂ ਦੀਆਂ ਜੜ੍ਹਾਂ ਵੇਦਾਂ ਵਿਚ ਹਨ। ਰਿਗਵੇਦ ਦੇ ਪੁਰਸ਼ ਸੂਕਤ ਦੇ ਇਕ ਮੰਤਰ ਦਾ ਭਾਵ ਇਸ ਤਰ੍ਹਾਂ ਹੈ:- ਬ੍ਰਾਹਮਣ ਪ੍ਰਭੂ ਦਾ ਮੂੰਹ ਹੈ, ਕਸ਼ਤਰੀ ਉਸ ਦੀਆਂ ਬਾਹਵਾਂ, ਜੋ ਵੈਸ਼ ਹਨ ਉਹ ਈਸ਼ਵਰ ਦਾ ਪੇਟ ਹਨ ਅਤੇ ਸ਼ੂਦਰ ਈਸ਼ਵਰ ਦੇ ਪੈਰਾਂ ਵਿਚੋਂ ਪੈਦਾ ਹੁੰਦੇ ਹਨ। ਮੰਨੂ ਸਿਮਰਤੀ ਕਹਿੰਦੀ ਹੈ: ਪ੍ਰਮਾਤਮਾ ਨੇ ਸ਼ੂਦਰਾਂ ਨੂੰ ਕੇਵਲ ਇਕੋ ਕੰਮ ਸੌਂਪਿਆ ਹੈ ਕਿ ਉਹ ਤਿੰਨਾਂ ਵਰਣਾਂ (ਬ੍ਰਾਹਮਣ, ਖੱਤਰੀ ਤੇ ਵੈਸ਼) ਦੀ ਤਨ, ਮਨ ਨਾਲ ਸੇਵਾ ਕਰਨ।

ਸਭੇ ਧਾਰਮਿਕ ਗ੍ਰੰਥ, ਧਰਮ ਸਾਸਤ੍ਰ ਵੀ ਅਛੂਤਾਂ ਨਾਲ ਦੁਰਵਿਵਹਾਰ ਦਾ ਹੀ ਸੰਦੇਸ਼ ਦਿੰਦੇ ਸਨ ਕਿ ਅਛੂਤ ਭ੍ਰਸ਼ਟ ਤੇ ਨਖਿਧ ਹਨ।ਇਨ੍ਹਾਂ ਨੂੰ ਲਤਾੜ ਕੇ ਥਾਂ ਸਿਰ ਰੱਖਣਾ, ਨੀਚ ਸਮਝ ਕੇ ਧਿਰਕਾਰਨ ਦਾ ਅਧਿਕਾਰ ਸ਼ੁਭ ਕਰਮ ਜਾਣਿਆ ਜਾਂਦਾ ਸੀ। ਇਸ ਮਾਨਤਾ ਨੂੰ ਤੋੜਨਾ ਬਹੁਤ ਹੀ ਅਸੰਭਵ ਜਾਪਦਾ ਸੀ। ਅਜਿਹੇ ਘੋਰ ਅਨਿਆਕਾਰੀ ਸਮਾਜ ਦੀ, ਸੋਚਾਂ ਅਤੇ ਵਿਚਾਰਾਂ ਦੀ ਦੁਨੀਆਂ ਵਿਚ ਪ੍ਰਭੂ ਭਗਤੀ ਕਰਨਾ ਹੀ ਇਕ ਸਮਾਜਿਕ ਇਨਕਲਾਬ ਲਿਆਉਣਾ ਸੀ। ਇਸ ਤਰ੍ਹਾਂ ਪ੍ਰਭੂ ਭਗਤੀ ਦਾ ਸਾਹਸ ਪੈਦਾ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਨ੍ਹਾਂ ਜਾਤੀਆਂ ਵਿਚ ਇਕ 'ਧਾਰਮਿਕ ਸਾਧਕ' ਦਾ ਸਭ ਤੋਂ ਲਤਾੜੀ ਤੇ ਪੱਛੜੀ ਜਾਤੀ ਵਿਚੋਂ ਉਠ ਕੇ ਸ਼ੋਹਰਤ ਦੀਆਂ ਬੁਲੰਦੀਆਂ ਤੇ ਪਹੁੰਚਣਾ ਕੋਈ ਸਧਾਰਨ ਗੱਲ ਨਹੀਂ ਸੀ। ਫਿਰ ਉਸ ਨੂੰ ਗੁਰੂ ਸਾਹਿਬਾਨ ਦਾ ਨਿਵਾਜਣਾ ਤੇ ਉਹਨਾਂ ਦੀ ਬਾਣੀ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕਰਨਾ ਇਕ ਮਹਾਨ ਕਾਰਜ ਸੀ। ਇਸ ਤਰ੍ਹਾਂ ਦੇ ਹਾਲਾਤ ਵਿਚ ਰਵਿਦਾਸ ਜੀ ਦਾ ਭਗਤੀ ਦੇ ਕਾਰਜ ਵਿਚ ਜੁਟ ਜਾਣਾ ਇਕ ਬਹੁਤ ਹੀ ਵੱਡਾ ਕਰਮ ਹੈ। ਇਹ ਸਭ ਕੁਝ ਉਹਨਾਂ ਨੇ ਕਰ ਦਿਖਾਇਆ। ਸਮਾਜਿਕ ਮਾਨਤਾ ਦੇ ਸਾਰੇ ਸਹਿਮਾਂ ਦੀ ਭੂਮੀ ਤੋੜ ਕੇ ਨਵੀਂ ਸਥਾਪਨਾ ਦੇ ਸਿੰਘਾਸਨ ਉਤੇ ਰਵਿਦਾਸ ਜੀ ਦਾ ਬੈਠਣਾ ਇਕ ਦਿਲਚਸਪ ਘਟਨਾ ਹੈ। ਅਛੂਤ ਜਾਤੀ ਦੇ ਇਸ ਪ੍ਰਭੂ ਭਗਤ ਦੇ ਦਰ ਤੇ ਉੱਚ ਕੁਲੀਨ ਵਰਗ ਦੇ ਮਹਾਨ ਸਪੂਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆ ਵਰਾਜਣਾ, ਇਕ ਚਮਤਕਾਰੀ ਵਰਤਾਰਾ ਹੈ। ਜਿਸ ਮਹਾਨ ਆਤਮਾ ਦੀ ਜਗਤ ਨੂੰ ਛੋਹ ਪਾਰਸ ਵਾਂਗ ਸੋਨਾ ਬਣਾਉਂਦੀ ਸੀ, ਜਿਸ ਰਵਿਦਾਸ ਦੀ ਛੋਹ ਤੋਂ ਭਿੱਟ ਚੜ੍ਹਦੀ ਸੀ, ਜਦੋਂ ਉਸ ਦੀ ਝੁੱਗੀ ਦੇ ਪਾਸ ਆਹਟ ਹੋਈ, ਰਵਿਦਾਸ ਜੀ ਦੇ ਬਾਗ-ਬਾਗ ਹੋ ਗਏ, ਹਿਰਦੇ ਵਿਚੋਂ ਸ਼ੁਕਰਾਨੇ ਦੀ ਭਾਵਨਾ ਜਾਗ ਉੱਠੀ, ਰਵਿਦਾਸ ਜੀ ਦੇ ਮਨ ਦੇ ਭਾਵ ਸ਼ਬਦ ਬਣ ਗਏ। ਸ਼ਬਦਾਂ ਦੀ ਧੁਨੀ ਨੇ ਬਾਣੀ ਦਾ ਰੂਪ ਧਾਰਨ ਕਰ ਲਿਆ:-

ਐਸੀ ਲਾਲ ਤੁਝ ਬਿਨੁ ਕਉਨੁ ਕਰੈ।
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ।।

ਜਦੋਂ-ਜਦੋਂ ਵੀ ਰਵਿਦਾਸ ਜੀ ਉਸ ਪਾਸ ਬ੍ਰਹਮ ਗੁਰੂ ਦੇ ਸ਼ੁਕਰਾਨੇ ਵਿਚ ਆਉਂਦੇ ਸਨ ਤਾਂ ਇਹ ਸ਼ਬਦ ਗਾਉਂਦੇ ਸਨ। ਰਵਿਦਾਸ ਜੀ ਦੀ ਪ੍ਰਭੂ ਭਗਤੀ ਤੇ ਜੀਵਨ ਘਾਲਣਾ ਦਾ ਫਲ ਨਿਕਲਿਆ ਤਾਂ ਉਸ ਪਾਰਬ੍ਰਹਮ ਗੁਰੂ ਦੀ ਕਿਰਪਾ ਨਾਲ ਨਿ-ਰੰਜਨ ਦੀ ਪ੍ਰਾਪਤੀ ਹੋਈ। ਉਸ ਪ੍ਰਾਪਤੀ ਦਾ ਪ੍ਰਗਟਾ ਹੋਇਆ, ਗਿਆਨ ਦਾ ਪ੍ਰਗਾਸ ਹੋਇਆ ਤੇ ਆਤਮਾ ਤ੍ਰਿਪਤ ਹੋਈ:-

ਗੁਰ ਪਰਸਾਦਿ ਨਿਰੰਜਨ ਪਾਵਉ।।
ਉਪਜਿਓ ਗਿਆਨ ਹੂਆ ਪਰਗਾਸ।।
ਜਬ ਹਮ ਹੋਤੇ ਤਬ ਤੂੰ ਨਾਹੀ ਅਬ ਤੂਹੀ ਮੈਂ ਨਾਹੀ।।
ਆਨਲ ਅਗਮ ਜੈਸੇ ਲਹਿਰ ਮਇ ਓਦਧਿ ਜਲ ਕੇਵਲ ਜਲ ਮਾਂਹੀ।।
ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ।। ਕਨਕ ਕਟਿਕ ਜਲ ਤਰੰਗ ਜੈਸਾ।।

ਮੇਰੀ ਜਾਤੀ ਦਾ ਕੰਮ ਮਰੇ ਹੋਏ ਪਸ਼ੂ ਢੋਣਾ ਹੈ। ਪਰ ਪ੍ਰਭੂ ਭਗਤੀ ਦੀ ਤਾਕਤ ਨਾਲ ਇਸ ਚਮਾਰ ਤੇ ਤਨ ਨੂੰ ਦੇਖੋ, ਕੁਲੀਨ ਬ੍ਰਾਹਮਣ ਵੀ ਨਮਸਕਾਰ ਕਰਦੇ ਹਨ। ਇਸ ਤਰ੍ਹਾਂ ਰਵਿਦਾਸ ਜੀ ਨੇ ਆਪਣੀ ਜਾਤੀ ਬਾਰੇ ਨੰਗਾ ਸੱਚ ਕਹਿ ਕੇ ਸਾਰੀ ਜਾਤੀ ਨਾਲ ਸਦੀਆਂ ਤੋਂ ਚਿੰਬੜਿਆ ਹੋਇਆ ਪਛੜੇਵਾਂ, ਕੁੰਜ ਵਾਂਗ ਲਾਹ ਕੇ ਪਿੱਛੇ ਸੁੱਟ ਦਿੱਤਾ। ਇਸ ਤਰ੍ਹਾਂ ਚਮਾਰ ਜਾਤੀ 'ਰਵਿਦਾਸੀਆ' ਬਣ ਗਈ। ਸਦੀਆਂ ਦੀ ਹੀਣਤਾ ਦੀ ਭਾਵਨਾ ਇਕ ਹਸਤੀ ਨੇ ਆਪਣੀ ਸਾਧਨਾਂ ਨਾਲ ਲਾਹ ਸੁੱਟੀ। ਜਾਤੀ ਦੇ ਕਰਤਵ ਪ੍ਰਤੀ ਹੀਣ ਭਾਵਨਾ ਪੈਦਾ ਕਰਨ ਵਾਲੇ ਅਨਾਦਰੀ ਵਰਤਾਓ- 'ਦਾਰਿਦ ਦੇਖ ਸਭ ਕਉਹਸੈ' ਦੇ ਬੋਲਾਂ ਤੇ ਘਿਰਣਾ ਭਰੀਆਂ ਤੱਕਣੀਆਂ ਦੇ ਉਲਟ ਸਤਿਕਾਰ ਪੈਦਾ ਕਰ ਦਿੱਤਾ। 'ਆਚਾਰ ਸਹਿਤ ਬਿਪ ਡੰਡਾਉਤਾਂ' ਕਰਨ ਲੱਗੇ। ਇਹ ਵੱਡਾ ਸਮਾਜਿਕ ਪਲਟਾ ਦੁਨੀਆਂ ਦੇ ਲੋਕਾਂ ਨੇ, ਜਾਤ ਅਭਿਮਾਨੀ ਪੰਡਿਆਂ ਦੇ ਗੜ੍ਹ, ਵਰਨਾਂ ਆਸ਼ਰਮਾਂ ਤੇ ਕਰਮ ਕਾਂਡਾਂ ਦੀ ਕੰਡਿਆਲੀਆਂ ਵਾੜਾਂ ਵਿਚ, ਵੇੜ੍ਹੇ, ਨਗਰ, ਬਨਾਰਸ ਵਿਚ ਵਰਤੀ.ਦਾ ਦੇਖਿਆ, ਦੁਨੀਆਂ ਨੇ ਰਵੀਦਾਸ ਜੀ ਦਾ ਜੱਸ ਕੰਨੀ ਸੁਣਿਆ। ਉਹਨਾਂ ਦੱਸਿਆ ਪ੍ਰੇਮਾ ਭਗਤੀ ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ, ਜਗਿਆਸੂ ਭਾਵੇਂ ਕਿਸੇ ਜਾਤ ਵਿਚੋਂ ਹੋਵੇ, ਉਸ ਅੰਦਰ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾਂ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਉਤੇ ਪੁੱਜ ਸਕਦਾ ਹੈ:

ਜਿਹ ਕੁਲ ਸਾਧ ਬੈਸਨੌ ਹੋਇ।।
ਬਰਨ ਅਬਰਨ ਰੰਕ ਨਹੀਂ ਈਸੁਰ ਬਿਮਲ ਬਾਸੁ ਜਾਨੀਐ ਜਗਿ ਸੋਇ।।
ਬ੍ਰਹਮਨ ਬੈਸ ਸੂਦ ਅਰੁ ਖ੍ਯ੍ਯਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।।
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।।
ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ।।
ਜਿਨਿ ਪੀਆ ਸਾਰ ਰਸ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ।।
ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ।।
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ।।

ਰਵਿਦਾਸ ਜੀ ਨੂੰ ਭਗਤੀ ਦੀ ਚੇਤਨਾ ਵੱਲ ਖਿੱਚਣ ਲਈ ਸਭ ਤੋਂ ਪਹਿਲਾ ਅਹਿਸਾਸ ਪੌਰਾਣਿਕ ਕਾਲ ਦੇ ਭਗਤਾਂ ਦੀ ਸਮਾਜ ਵਿਚ ਮਾਨਤਾ ਅਤੇ ਸੋਭਾ ਤੋਂ ਜਾਗਿਆ। ਇਸ ਦਾ ਪ੍ਰਮਾਣ ਨਿਮਨ-ਲਿਖਤ ਸੱਤਰਾਂ ਤੋਂ ਦੇਖਿਆ ਜਾ ਸਕਦਾ ਹੈ:

ਰੇ ਚਿਤ ਚੇਤਿ ਚੇਤ ਅਚੇਤ। ਕਾਹੇ ਨ ਬਾਲਮੀਕਹਿ ਦੇਖ।।
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ।।
ਸੁਆਨ ਸਤ੍ਰੁ ਅਜਾਤ ਸਭ ਤੇ ਕ੍ਰਿਸਨ ਲਾਵੈ ਹੇਤੁ।।
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ।।
ਅਜਾਮਲ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।।
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ।।

(ਬਾਕੀ ਅਗਲੇ ਸਫੇ ਤੇ)

# ਸਤਿਗੁਰੂ ਰਵਿਦਾਸ ਜੀ ਦਾ 'ਬੇਗਮ ਪੁਰੇ ਦਾ ਅਹਿਸਾਸ'

ਰਵਿਦਾਸ ਜੀ ਨੂੰ ਭਗਤੀ ਕਰਨ ਦੀ ਪ੍ਰੇਰਨਾ ਆਪਣੇ ਸਮਕਾਲੀ ਭਗਤਾਂ ਤੋਂ ਵੀ ਮਿਲੀ। ਉਹਨਾਂ ਦੀ ਫੈਲ ਰਹੀ ਪ੍ਰਸਿੱਧੀ ਤੇ ਸੋਭਾ ਨੇ ਭੀ ਉਹਨਾਂ ਨੂੰ ਪ੍ਰਭੂ-ਭਗਤੀ ਵੱਲ ਖਿੱਚਿਆ। ਇਸ ਦੀ ਉਦਾਹਰਣ ਵੀ ਨਿਮਨ-ਲਿਖਤ ਸੱਤਰਾਂ ਤੋਂ ਮਿਲਦੀ ਹੈ:

ਹਰਿ ਕੇ ਨਾਮ ਕਬੀਰ ਉਜਾਗਰ।। ਜਨਮ ਜਨਮ ਕੇ ਕਾਟੇ ਕਾਗਰ।।
ਨਿਮਤ ਨਾਮਦੇਉ ਦੂਧ ਪੀਆਇਆ।। ਤਉ ਜਗ ਜਨਮ ਸੰਕਟ ਨਹੀਂ ਆਇਆ।।

ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨੁ ਤਰੈ।।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਰਵਿਦਾਸ ਜੀ ਦੇ ਮਨ ਵਿਚ ਕਈ ਤਰ੍ਹਾਂ ਦੇ ਪ੍ਰਸ਼ਨ ਉੱਠਣ ਲੱਗੇ। ਜਿਹਨਾਂ ਮਹਾਨ ਸ਼ਖਸੀਅਤਾਂ ਬਾਰੇ ਉਕਤ ਜ਼ਿਕਰ ਕੀਤਾ ਹੈ, ਉਹਨਾਂ ਨੂੰ ਕਿਸ ਚੀਜ਼ ਨੇ ਉਭਾਰਿਆ ਹੈ? ਪ੍ਰੇਮਾ ਭਗਤੀ ਨੇ, ਉਹ ਪ੍ਰੇਮਾ ਭਗਤੀ ਕਿਵੇਂ ਜਾਗੀ? ਮਨ ਦੀਆਂ ਗੰਢਾਂ ਤੇ ਸ਼ੀਸ਼ੇ ਕਿਵੇਂ ਖੁੱਲ੍ਹਣ? ਰਾਮ ਸੰਸੇ ਗਾਂਠ ਨ ਖੋਲੇ। ਇਸ ਤਰ੍ਹਾਂ ਦੇ ਪ੍ਰਸ਼ਨ ਭਗਤ ਜੀ ਦੇ ਮਨ ਅੰਦਰ ਉੱਠਣ ਲੱਗੇ। ਆਤਮਕ ਸੰਘਰਸ਼ ਹੋਣਾ ਸ਼ੁਰੂ ਹੋਇਆ। ਉਹਨਾਂ ਦੇ ਮਨ ਦੀ ਉਦਾਸੀ ਉਹਨਾਂ ਲਈ ਸੰਤਾਪ ਦੇ ਰੂਪ ਵਿਚ ਉਭਰਦੀ ਰਹੀ, ਜਦੋਂ ਤੱਕ ਉਹਨਾਂ ਨੇ ਜਗਤ ਗੁਰੂ ਪਾਰਬ੍ਰਹਮ ਜੀ ਤੋਂ ਨਾਮ ਪ੍ਰਾਪਤ ਨਾ ਕਰ ਲਿਆ। ਪ੍ਰਾਪਤੀ ਪਿੱਛੋਂ ਸਤਿਗੁਰੂ ਨੂੰ ਸਿੱਧਾ ਸੰਬੋਧਨ ਕੀਤਾ, ਇਹ ਭਾਵਨਾ ਉਹਨਾਂ ਰਚਿਤ ਵਾਕਾਂ ਤੋਂ ਇਸ ਤਰ੍ਹਾਂ ਸਪਸ਼ਟ ਹੁੰਦੀ ਹੈ:

ਤੁਮ ਕਹੀਅਤ ਹੋ ਜਗਤ ਗੁਰ ਸੁਆਮੀ।।
ਹਮ ਕਹੀਅਤ ਕਲਿਜੁਗ ਕੇ ਕਾਮੀ।।

ਸਭਨਾਂ ਦੇ ਦੁੱਖ ਹਰਨ ਵਾਲੇ ਹਰੀ ਮੇਰੇ ਉਪਰ ਛਾਇਆ ਕੋਪ ਹਰੋ ਮੈਨੂੰ ਮਾਰਗ ਪਾਵੋ:

ਕਹਿ ਰਵਿਦਾਸ ਉਦਾਸ ਦਾਸ ਮਤਿ,
ਪਰਹਰਿ ਕੋਪੁ ਕਰਹੁ ਜੀਅ ਦਇਆ।।

ਰਵਿਦਾਸ ਜੀ ਦੇ ਅੰਦਰ ਪ੍ਰੇਮਾ ਭਗਤੀ ਜਾਗੀ, ਪਾਰ ਬ੍ਰਹਮ ਗੁਰੂ ਦੀ ਆਹਟ ਅੰਦਰੋਂ ਮਹਿਸੂਸ ਕੀਤੀ, ਸਤਿ ਸੰਗਤ ਪ੍ਰੇਮਾ ਭਗਤੀ ਜਗਾਉਣ ਦਾ ਸਾਧਨ ਬਣਿਆ, ਇਸ ਨਾਲ ਸਿਮਰਨ ਦਾ ਰਸ ਆਉਣ ਲੱਗਿਆ: ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ।। ਪਾਰ ਬ੍ਰਹਮ ਦੀ ਕਿਰਪਾ ਨਾਲ ਹਿਰਦੇ ਪ੍ਰਕਾਸ਼ ਹੋਇਆ: 'ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ।।'

ਮਨ ਵਿਚੋਂ ਪਾਰਬ੍ਰਹਮ ਗੁਰੂ ਨੇ ਅਗਿਆਨਤਾ ਹਟਾ ਦਿੱਤੀ, ਆਤਮਾ ਨੂੰ ਪ੍ਰਕਾਸ਼ ਦੇ ਨੂਰ ਨਾਲ ਭਰ ਦਿੱਤਾ:

ਉਪਜਿਓ ਗਿਆਨ ਹੂਆ ਪਰਗਾਸ।।
ਕਰਿ ਕ੍ਰਿਪਾ ਲੀਨੇ ਕੀਟ ਦਾਸ।।

ਪ੍ਰੇਮਾ ਭਗਤੀ ਵਿਚ ਪ੍ਰੀਤ ਪੱਕੀ ਹੋਈ, ਦ੍ਰਿੜ੍ਹਤਾ ਆਈ, ਜਗਿਆਸਾ ਵਧੀ, ਪ੍ਰਭੂ ਦਾ ਪ੍ਰੇਮ ਜੀਵਨ ਦਾ ਆਧਾਰ ਬਣ ਗਿਆ। ਪਰਮ ਆਨੰਦ ਦੀ ਪ੍ਰਾਪਤੀ ਲਈ ਜੀਵਨ ਦਾ ਪਲ-ਪਲ, ਛਿਨ-ਛਿਨ ਅਰਪਨ ਕਰ ਦਿੱਤਾ, ਕਿਵੇਂ ਪਾਰਬ੍ਰਹਮ ਗੁਰੂ ਦੀ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਵੇ, ਇਹੋ ਟੀਚਾ ਸਾਹਮਣੇ ਰਹਿ ਗਿਆ:

ਤਨ ਮਨੁ ਅਰਪਉ ਪੂਜ ਚਰਾਵਉ।।
ਗੁਰ ਪਰਸਾਦਿ ਨਿਰੰਜਨ ਪਾਵਉ।।

ਪਾਰਬ੍ਰਹਮ ਗੁਰੂ ਕ੍ਰਿਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਈ, ਉਹਨਾਂ ਦੇ ਬਚਨਾਂ ਦੀ ਅੰਦਰੋਂ ਆਵਾਜ਼ ਆਈ, 'ਬਚਨੀ ਤੋਰਿ ਮੋਰਿ ਮਨਮਾਨੈ'

ਰਵਿਦਾਸ ਜੀ ਦੀ ਰੂਹ ਧੰਨਵਾਦੀ ਭਾਵਾਂ ਨਾਲ ਝੂੰਮ ਉਠੀ ਕ੍ਰਿਤੱਗਤਾ ਦੀ ਧੁਨੀ ਗੂੰਜ ਪਈ:

ਜਾ ਕੀ ਛੋਤ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ।।

ਕਾਮ ਕ੍ਰੋਧ ਆਦਿ ਸੰਸਾਰਕ ਪਦਾਰਥਾਂ ਦੇ ਰਸਾਂ ਵਿਚ ਗ੍ਰਸਤ ਹੋਏ ਮਨੁੱਖਾਂ ਵਿਚ ਉਹਨਾਂ ਸਮਝਿਆ ਗਿਆਨ ਦੀਪ ਦੀ ਲੋਅ ਮੱਧਮ ਪੈ ਜਾਂਦੀ ਹੈ। ਅਵਿਦਿਆ ਕਾਰਨ ਮਤ ਮਲੀਨ ਰਹਿੰਦੀ ਹੈ। ਗੁਰੂ ਬਖਸ਼ੇ ਗਿਆਨ ਨਾਲ ਮਨ ਨਿਰਮਲ ਹੁੰਦਾ ਹੈ। ਸੁਮੱਤ ਮਿਲਦੀ ਹੈ, ਤੱਤ ਸਮਝਣ ਦੀ ਜਾਚਨਾ ਵਰ ਆਉਂਦੀ ਹੈ:-

ਮਲਕ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਏ।।
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈਂ ਸੁਮਤਿ ਦੇਹੁ ਸਮਝਾਇ।।

ਰਵਿਦਾਸ ਜੀ ਦੇ ਸਿਮਰਨ ਧਿਆਨ ਅਤੇ ਸਾਰਥਕ ਭਗਤੀ ਦੀ ਜੁਗਤ ਪ੍ਰਾਪਤ ਹੋਣ ਤੋਂ ਪਾਰਬ੍ਰਹਮ ਨਾਲ ਅਭੇਦਤਾ ਹੋ ਗਈ। ਅਧਿਆਤਮਕ ਸਾਧਨਾ ਵਿਚ ਸਾਰਾ ਜੀਵਨ ਵਿਚ ਇਕ ਸਵਰ ਹੋ ਗਿਆ:

'ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ।।'

ਸਾਧਨਾ ਨਾਲ ਮਿਲਿਆ ਅਮੋਲਕ ਪਦਾਰਥ, ਨਾਮ, ਸਤਿਨਾਮ, ਜਿਸ ਸਤਿਨਾਮ ਦੀ ਅਰਾਧਨਾ, ਤੀਰਥ ਅਸਥਾਨ, ਪੂਜਾ ਅਰਚਾ, ਦੀਵਾ, ਬਾਤੀ, ਫੁੱਲ ਮਾਲਾ, ਕ੍ਰਿਆ ਕਰਮਾਂ ਸਭਨਾਂ ਤੋਂ ਵਧੇਰੇ ਹੈ:

ਦਸਅਠਾ ਅਠਸਠੇ ਚਾਰੇ ਖਾਣੀ ਏਹੈ ਵਰਤਣਿ ਹੈ ਸਗਲ ਸੰਸਾਰੇ।।
ਕਹੈ ਰਵਿਦਾਸ ਨਾਮੁ ਤੇਰੋ ਆਰਤੀ ਸਤਿਨਾਮ ਹੈ ਹਰਿ ਭੋਗ ਤੁਹਾਰੇ।।

ਰਸਮ ਅਨੁਸਾਰ ਆਰਤੀ ਸਮੇਂ ਫੁੱਲ ਮਾਲਾ ਤੇ ਹੋਰ ਸਮੱਗਰੀ ਦੇਵਤੇ ਨੂੰ ਚੜ੍ਹਾਈ ਜਾਂਦੀ ਹੈ। ਰਵਿਦਾਸ ਜੀ ਨੂੰ ਕਿਸੇ ਮੰਦਰ ਵਿਚ ਜਾ ਕੇ ਇਹ ਸਮੱਗਰੀ ਕਿਸ ਨੇ ਭੇਟ ਕਰਨ ਦੀ ਆਗਿਆ ਦੇਣੀ ਸੀ? ਉਹਨਾਂ ਮਨ ਨੂੰ ਹੀ ਆਪਣਾ ਮੰਦਰ ਬਣਾ ਲਿਆ। ਰਵਿਦਾਸ ਜੀ ਕਹਿੰਦੇ ਹਨ, ਪਰਮ ਸੱਚ ਤੇ ਸੁੱਚੇ ਸਤਿਨਾਮ ਨੂੰ ਕਿਸ ਚੀਜ਼ ਦੀ ਪੂਜਾ ਚੜ੍ਹਾਵਾਂ- 'ਗੋਬਿੰਦ ਪੂਜਾ ਕਹਾਲੇ ਚੜਾਵਉ?' ਉਹ ਸੁਆਮੀ ਤਾਂ ਸਭਨਾਂ ਘਟਾਂ ਵਿਚ ਵਸਦਾ ਤੇ ਸਭ ਵਸਤਾਂ ਆਪ ਭੋਗਦਾ ਹੈ:-

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।।
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।।

ਇਕੋ ਨਾਮ ਸਤਿਨਾਮ ਪ੍ਰਾਣ ਆਧਾਰ ਬਣ ਗਿਆ:

ਮੋਹਿ ਆਧਾਰੁ ਨਾਮੁ ਨਾਰਾਇਣ ਜੀਵਨ ਪ੍ਰਾਨ ਧਨ ਮੋਰੇ।।

ਸਾਧੂ-ਸੰਤਾਂ ਦੀ ਸੰਗਤ ਨਾਲ ਪਰਮ ਗਤੀ ਪ੍ਰਾਪਤ ਹੋਈ। ਉਹਨਾਂ ਦੀ ਕ੍ਰਿਪਾ ਨਾਲ ਨਰਕ ਸੁਰਗ ਦੇ ਭਰਮ ਜਾਂਦੇ ਰਹੇ।

ਉਹਨਾਂ ਆਪਣੇ ਅਨੁਭਵੀ, ਨਿਰਮਲ ਭਾਵਾਂ ਨੂੰ ਵਾਕ ਬਣਾ ਕੇ ਗਾਉਣਾ ਆਰੰਭ ਕੀਤਾ:

ਜਨ ਰਵਿਦਾਸ ਰਾਮ ਰੰਗਿ ਰਾਤਾ।।
ਇਉ ਗੁਰ ਪਰਸਾਦਿ ਨਰਕ ਨਹੀਂ ਜਾਤਾ।।

ਰਵਿਦਾਸ ਜੀ ਦੀ ਵਿਚਾਰਧਾਰਾ ਵਿਚ ਅਡੋਲਤਾ ਆ ਗਈ। ਇਸ ਅਡੋਲਤਾ ਪਿੱਛੇ ਉਹਨਾਂ ਪਾਸ ਆਪਣੀ ਜ਼ਿੰਦਗੀ ਦਾ ਵਿਸ਼ਾਲ ਤਜਰਬਾ ਤੇ ਪ੍ਰਭੂ ਪ੍ਰਾਪਤੀ ਸੀ। ਉਹਨਾਂ ਨੇ ਪਰਲੋਕਕ ਸੁਖ ਦੀ ਪ੍ਰਾਪਤੀ ਦਾ ਅਹਿਸਾਸ ਕੀਤਾ, ਉਸ ਰਾਹੀਂ ਆਪਣੀ ਘਾਲਣਾ ਨੂੰ ਪ੍ਰਾਣੀ ਮਾਤਰ ਲਈ ਉਪਲਬੱਧ ਕਰਾਇਆ, ਸਭਨਾਂ ਲਈ ਸਦੀਵੀ ਸੁੱਖਾਂ ਦੀ ਪ੍ਰਾਪਤੀ ਦਾ ਝਰੋਖਾ ਖੋਲ੍ਹਿਆ। ਰਵੀਦਾਸ ਜੀ ਨੇ ਇਹ ਜੁਗਤ, ਪ੍ਰਭੂ ਭਗਤੀ ਤੇ ਉਸ ਪਾਰਬ੍ਰਹਮ ਦੀ ਕ੍ਰਿਪਾ ਨਾਲ ਪ੍ਰਾਪਤ ਕੀਤੀ। ਰਵਿਦਾਸ ਜੀ ਤੇ ਉਸ ਪਾਰਬ੍ਰਹਮ ਦੀ ਕਿਰਪਾ ਦਾ ਪ੍ਰਭਾਵ ਉਹਨਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਤੇ ਉਸ ਤੋਂ ਬਾਹਰ ਪ੍ਰਾਪਤ ਬਾਣੀ ਵਿਚ ਬੜੇ ਸਪਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ। ਰਵਿਦਾਸ ਜੀ ਦੀ ਇਸ ਪ੍ਰਾਪਤੀ ਨੂੰ ਤੇ ਉਹਨਾਂ ਦਾ ਸਮੁੱਚੀ ਮਾਨਵਤਾ ਨੂੰ ਦਿੱਤਾ ਗਿਆ ਸੰਦੇਸ਼ ਨਿਮਨ-ਲਿਖਤ ਪਦੇ ਤੋਂ ਸਾਫ ਪ੍ਰਗਟ ਹੁੰਦਾ ਹੈ:-

ਬੇਗਮਪੁਰਾ ਸਹਰ ਕੋ ਨਾਉ।। ਦੂਖ ਅੰਦੋਹੁ ਨਹ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨ ਮਾਲੁ।। ਖਉਫੁ ਨ ਖਤਾ ਨ ਤਰਸੁ ਜਵਾਲੁ।।
ਅਬ ਮੋਹਿ ਖੂਬ ਵਤਨ ਗਹ ਪਾਈ।। ਉਹਾਂ ਖੈਰਿ ਸਦਾ ਮੇਰੇ ਭਾਈ।।
ਕਾਇਮੁ ਦਾਇਮੁ ਸਦਾ ਪਤਿਸਾਹੀ।। ਦੋਮ ਨੇ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।। ਊਹਾਂ ਗਨੀ ਬਸਹਿ ਮਾਮੂਰ।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।। ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸ ਚਮਾਰਾ।। ਜੋ ਹਮ ਸਹਰੀ ਸੁ ਮੀਤੁ ਹਮਾਰਾ।।

ਰਵਿਦਾਸ ਜੀ ਇਸ ਪਦੇ ਵਿਚ ਕਹਿੰਦੇ ਹਨ ਕਿ ਹੇ ਜੀਵ ਭਾਵ ਮਾਨਵ ਮੇਰੇ ਵਿਚ ਸਦੀਵੀ ਅਡੋਲਤਾ ਆ ਗਈ ਹੈ, ਮੇਰੀ ਭਟਕਣਾ ਖਤਮ ਹੋ ਗਈ ਹੈ। ਮੈਨੂੰ ਗਮਾਂ ਤੋਂ ਰਹਿਤ ਅਜਿਹੇ ਬੇਗਮਪੁਰੇ ਰੂਹਾਨੀ ਸ਼ਹਿਰ ਦਾ ਵਾਸ ਪ੍ਰਾਪਤ ਹੋਇਆ ਹੈ, ਜਿੱਥੇ ਕੋਈ ਉੱਚਾ ਨੀਵਾਂ, ਦੋਇ, ਸੇਮ ਨਹੀਂ ਹੈ। ਕੋਈ ਘਬਰਾਹਟ ਨਹੀਂ ਹੈ। ਉਥੇ ਕੋਈ ਟੈਕਸ (ਖਿਰਾਜ) ਨਹੀਂ ਹੈ, ਉਥੇ ਸਦਾ-ਸੁਖ ਹੈ, ਖੈਰੀਅਤ ਹੈ। ਉਸ ਸ਼ਹਿਰ ਵਿਚ ਨਾਮ ਦੀ ਕਮਾਈ ਵਾਲੇ ਧਨੀ ਲੋਕਾਂ ਦੀ ਆਬਾਦੀ ਹੈ। ਰਵਿਦਾਸ ਜੀ ਕਹਿੰਦੇ ਹਨ, ਉਹ ਮੇਰਾ ਸ਼ਹਿਰ ਹੈ, ਉਹ ਟਿਕਾਣਾ ਹੈ, ਜਿੱਥੇ ਮੈਂ ਜਿਉਂ-ਜਿਉਂ ਸੈਰ ਕਰਦਾ ਹਾਂ ਮੇਰਾ ਮਨ ਲੱਗਦਾ ਹੈ। ਜੋ ਉਸ ਸ਼ਹਿਰ ਵਿਚ ਨਾਮ ਦੀ ਸੰਪਤੀ ਵਾਲੇ ਹਨ; ਰਵਿਦਾਸ ਜੀ ਕਹਿੰਦੇ ਹਨ ਉਹ ਮੇਰੇ ਹਮ ਸ਼ਹਿਰੀ ਹਨ, ਮਿੱਤਰ ਹਨ।

ਸਤਿਗੁਰੂ ਸੈਣ ਜੀ ਰਚਿਤ-ਕਬੀਰ ਰਵਿਦਾਸ ਸੰਵਾਦ ਇਕ ਪੁਰਾਤਨ ਰਚਨਾ ਹੈ। ਸੈਣ ਜੀ ਰਵਿਦਾਸ ਤੇ ਕਬੀਰ ਜੀ ਦੇ ਸਮਕਾਲੀ ਵੀ ਸਨ। ਇਸ ਰਚਨਾ ਵਿਚ ਕਬੀਰ ਜੀ ਅਤੇ ਰਵਿਦਾਸ ਜੀ ਦੀ ਨਿਰਗੁਣ ਅਤੇ ਸਰਗੁਣ ਭਗਤੀ ਪ੍ਰਤੀ ਚਰਚਾ ਬੜੀ ਉੱਚ ਪਾਏ ਦੀ ਹੈ। ਦੋਹਾਂ ਭਗਤਾਂ ਦੇ ਇਕ ਦੂਸਰੇ ਉਪਰ ਨਿਰਗੁਣ ਅਤੇ ਸਰਗੁਣ ਬਾਰੇ ਵਿਚਾਰਾਂ ਦੇ, ਇਕ ਦੂਸਰੇ ਉਪਰ ਪ੍ਰਸ਼ਨ ਤੇ ਉੱਤਰ ਹਨ। ਰਵਿਦਾਸ ਜੀ ਅਵਤਾਰਵਾਦ ਦੇ ਹੱਕ ਵਿਚ ਆਪਣੇ ਵਿਚਾਰ ਉਭਾਰਦੇ ਹਨ ਅਤੇ ਕਬੀਰ ਜੀ ਅਵਤਾਰਵਾਦ ਦਾ ਵਿਰੋਧ ਕਰਦੇ ਹਨ। ਦੋਹਾਂ ਦਾ ਸੰਵਾਦ ਸੁਣਨ ਅਤੇ ਰਚਣ ਵਾਲੇ ਹਨ ਸ੍ਰੀ ਸੈਣ ਜੀ। ਸ੍ਰੀ ਰਾਮ ਚੰਦਰ ਜੀ ਬਾਰੇ ਨਿਮਨ ਕੁਝ ਪੰਕਤੀਆਂ ਹਨ। ਕਬੀਰ ਜੀ ਕਹਿੰਦੇ ਹਨ:-

ਸੁਨ ਰਵਿਦਾਸ ਉਹ ਰਾਜਾ ਕਹੀਐ,
ਕਰਣ ਕਾਰਣ ਉਹ ਨਾਹੀ।
ਅਦ੍ਰਿਸ਼ਟ ਅਗੋਚਰ ਦ੍ਰਿਸਟਿ ਨਾ ਆਵੈ,
ਗੁਪਤ ਰਹੇ ਮਨ ਮਾਹੀਂ।

ਰਵਿਦਾਸ ਜੀ, ਕਬੀਰ ਜੀ ਨੂੰ ਪ੍ਰਸ਼ਨ ਕਰਦੇ ਹਨ:

ਸੁਨ ਕਬੀਰ ਰਵਿਦਾਸ ਕਰਹੁ ਹੈ,
ਤੁਮ ਕਹੀਅਹੁ ਬ੍ਰਹਮ ਗਿਆਨੀ।
ਬ੍ਰਹਮ ਬ੍ਰਹਮ ਕਰ ਭਰਮ ਭੁਲਾਨੇ ਤਤੁ ਬਸਤ ਨਹੀਂ ਜਾਨੀ।
ਤਤੁ ਹਮਾਰੋ ਨੰਦ ਕੇ ਨੰਦਨ, ਪ੍ਰਗਟ ਭਏ ਜਗ ਮਾਹੀ।
ਤੁਮਰਾ ਬ੍ਰਹਮ ਕਿਨੈ ਨਹੀਂ ਦੇਖਿਆ?
ਤੁਮ ਲਾਜ ਮਰਤ ਕਿਉ ਨਹੀਂ।

ਉਕਤ ਉਦਾਹਰਣਾਂ ਤੋਂ ਪਤਾ ਲੱਗਦਾ ਹੈ ਕਿ ਕਬੀਰ ਜੀ ਨਿਰਗੁਣਵਾਦੀ ਬਣ ਚੁੱਕੇ ਸਨ ਅਤੇ ਰਵੀਦਾਸ ਜੀ ਅਜੇ ਸਰਗੁਣਵਾਦੀ ਹੀ ਸਨ। ਰਵਿਦਾਸ ਜੀ ਦਾ ਜਿਉਂ-ਜਿਉਂ ਬੌਧਿਕ ਵਿਕਾਸ ਹੁੰਦਾ ਗਿਆ, ਤਿਉਂ-ਤਿਉਂ ਉਹ ਅਵਤਾਰਵਾਦ ਦੇ ਇਸ ਚੱਕਰ ਵਿਚੋਂ ਨਿਕਲਦੇ ਗਏ ਤੇ ਅੰਤ ਉਹ ਨਿਰਗੁਣਵਾਦੀ ਵਿਚਾਰਧਾਰਾ ਦੇ ਧਾਰਨੀ ਬਣ ਗਏ।

ਸਤਿਗੁਰੂ ਰਵੀਦਾਸ ਜੀ ਦੀ ਬਾਣੀ ਬਾਰੇ ਚਰਚਾ ਕਰਦਿਆਂ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਹ ਭਗਤੀ ਲਹਿਰ ਦੇ ਸਿਰਮੌਰ ਭਗਤਾਂ ਵਿਚ ਸ਼ਾਮਲ ਸਨ ਤੇ ਉਹਨਾਂ ਨੇ ਉਸ ਪਾਰਬ੍ਰਹਮ ਨੂੰ ਹੀ ਆਪਣਾ ਗੁਰੂ ਮੰਨਿਆ। ਉਹਨਾਂ ਨੇ ਆਪਣੀ ਦਾਰਸ਼ਨਿਕਤਾ ਨਾਲ ਇਸ ਭਗਤੀ ਲਹਿਰ ਨੂੰ ਲੋਕ ਲਹਿਰ ਤੋਂ ਵੀ ਇਕ ਕਦਮ ਅੱਗੇ "ਸ਼ਕਤੀ ਲਹਿਰ" ਵਿਚ ਬਦਲ ਦਿੱਤਾ। ਉਹ ਅਛੂਤ ਤੇ ਦਲਿਤ ਲੋਕ ਜਿਹਨਾਂ ਨੂੰ ਰੱਬ ਦੀ ਭਗਤੀ ਤੇ ਉਪਾਸਨਾ ਕਰਨ ਦਾ ਅਧਿਕਾਰ ਨਹੀਂ ਸੀ ਤੇ ਸਦੀਆਂ ਤੋਂ ਇਸ ਅਧਿਕਾਰ ਤੇ ਬ੍ਰਾਹਮਣਵਾਦ ਦਾ ਏਕਾ ਅਧਿਕਾਰ ਸੀ, ਨੂੰ ਤੋੜ ਦਿੱਤਾ ਤੇ ਇਹ ਸਾਬਤ ਕਰ ਦਿੱਤਾ ਕਿ ਪ੍ਰੇਮਾ ਭਗਤੀ ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ, ਜਗਿਆਸੂ ਭਾਵੇਂ ਕਿਸੇ ਵੀ ਜਾਤ ਵਿਚੋਂ ਹੋਵੇ, ਉਸ ਵਿਚ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾਂ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਤੇ ਪੁੱਜ ਸਕਦਾ ਹੈ। ਇਸ ਦੀ ਉਦਾਹਰਣ ਮੀਰਾਂ ਬਾਈ ਤੇ ਝਾਲਾ ਬਾਈ ਜੀ (ਚਿਤੌੜ ਦੀ ਰਾਣੀ) ਹਨ ਜੋ ਉਚ ਕੁੱਲ ਦੀਆਂ ਸਨਮਾਨਿਤ ਇਸਤਰੀਆਂ ਸਨ, ਨੇ ਸਤਿਗੁਰੂ ਰਵਿਦਾਸ ਜੀ ਤੋਂ ਦੀਕਸ਼ਾ ਲੈ ਕੇ ਪ੍ਰੇਮਾ ਭਗਤੀ ਦਾ ਰਸ ਮਾਣਿਆ। ਰਵਿਦਾਸ ਜੀ ਦੇ ਦਾਰਸ਼ਨਿਕ ਚਿੰਤਨ ਨੇ ਬੌਧਿਕ ਵਿਕਾਸ ਕੀਤਾ। ਪਹਿਲੇ ਉਹਨਾਂ ਦੀ ਰੂਹਾਨੀਅਤ ਬਾਰੇ ਬੌਧਿਕਤਾ ਸਰਗੁਣਵਾਦ ਤੋਂ ਨਿਰਗੁਣਵਾਦ ਵੱਲ ਵਿਕਾਸ ਕਰਦੀ ਹੈ ਤੇ ਉਹ ਕਈ ਬੌਧਿਕ ਵਿਕਾਸ ਕੀਤਾ। ਪਹਿਲੇ ਉਹਨਾਂ ਦੀ ਰੂਹਾਨੀਅਤ ਬਾਰੇ ਬੌਧਿਕਤਾ ਸਰਗੁਣਵਾਦ ਤੋਂ ਨਿਰਗੁਣਵਾਦ ਵੱਲ ਵਿਕਾਸ ਕਰਦੀ ਹੈ ਤੇ ਉਹ ਕਈ ਔਕੜਾਂ, ਘਾਟੀਆਂ ਤੇ ਮੁਸੀਬਤਾਂ ਵਿਚੋਂ ਦੀ ਗੁਜ਼ਰਦੇ ਹੋਏ ਉਸ ਪਾਰਬ੍ਰਹਮ ਦੀ ਪ੍ਰਾਪਤੀ ਕਰਕੇ ਆਪਣੀ ਆਤਮਾ ਨੂੰ ਤ੍ਰਿਪਤ ਕਰਦੇ ਹਨ ਤੇ ਇਸ ਦਾ ਰਸ ਮਾਣਦੇ ਹਨ। ਉਹਨਾਂ ਨੇ ਆਪਣੇ ਕਿੱਤੇ ਨੂੰ ਵੀ ਨਹੀਂ ਲੁਕੋਇਆ ਸਗੋਂ ਬੜੇ ਫਖਰ ਨਾਲ ਇਸ ਦੀ ਅਧਿਆਤਮਕ ਰੰਗਣ ਦੀ ਵਿਆਖਿਆ ਕਰਦੇ ਹਨ। ਜਾਤ-ਪਾਤ ਤੇ ਛੂਤ-ਛਾਤ ਦਾ ਰੱਜ ਕੇ ਵਿਰੋਧ ਕਰਦੇ ਹਨ ਤੇ ਸਮਾਜਿਕ ਬਰਾਬਰੀ ਦਾ ਹੱਕ ਲੈਣ ਲਈ ਬ੍ਰਾਹਮਣਵਾਦ ਤੇ ਹੋਰ ਜਾਤੀ ਅਭਿਮਾਨਾਂ ਨੂੰ ਲਲਕਾਰਦੇ ਹਨ। ਅੰਧ ਵਿਸ਼ਵਾਸਾਂ, ਕਰਮ ਕਾਂਡਾਂ ਤੇ ਸਮਾਜਿਕ ਕੁਰੀਤੀਆਂ ਦਾ ਵੀ ਵਿਰੋਧ ਕਰਦੇ ਹਨ। ਮਾਨਵਤਾ ਨੂੰ ਉਸ ਪਾਰਬ੍ਰਹਮ ਦੀ ਪ੍ਰਾਪਤੀ ਲਈ ਸੁਤੰਤਰ ਚਿੰਤਨ ਦਾ ਸਿਧਾਂਤ ਵੀ ਦਿੰਦੇ ਹਨ ਤੇ ਆਖਦੇ ਹਨ ਕਿ ਇਸ ਲਈ ਕਿਸੇ ਉੱਚ ਜਾਤੀ ਦੇ ਰਹਿਬਰ ਦੀ ਵਿਚੋਲਗੀ ਦੀ ਜ਼ਰੂਰਤ ਨਹੀਂ ਹੈ। ਉਹਨਾਂ ਦੇ ਜੀਵਨ ਕਾਲ ਕਈ ਕਰਾਮਾਤਾਂ ਵੀ ਜੁੜੀਆਂ ਹੋਈਆਂ ਹਨ, ਜਿਹਨਾਂ ਨੂੰ ਅੱਜ ਦੇ ਵਿਗਿਆਨਕ ਤੇ ਯਥਾਰਥਵਾਦੀ ਯੁੱਗ ਵਿਚ ਸੱਚ ਨਹੀਂ ਮੰਨਿਆ ਜਾ ਸਕਦਾ। ਇਹ ਕਰਾਮਾਤਾਂ ਤਾਂ ਸਿਰਫ ਮਿੱਥਾਂ ਹੀ ਹਨ ਜੋ ਉਹਨਾਂ ਦੇ ਭਗਤਾਂ ਦੀਆਂ ਹੀ ਉਹਨਾਂ ਦੇ ਜੀਵਨ ਨਾਲ ਜੋੜੀਆਂ ਹੋ ਸਕਦੀਆਂ ਹਨ। ਉਹਨਾਂ ਨੇ ਸਮੁੱਚੀ ਮਾਨਵਤਾ ਨੂੰ ਬੇਗਮਪੁਰਾ ਸ਼ਹਿਰ ਦੇ ਨਿਵਾਸ ਬਣ ਜਾਣ ਦਾ ਆਪਣਾ ਮਹਾਨ ਸੁਪਨਾ ਸਿਰਜਣ ਦਾ ਸੰਦੇਸ਼ ਵੀ ਦਿੱਤਾ।

ਸਿੱਖ ਗੁਰੂ ਸਾਹਿਬਾਨ ਜੀ ਨੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਨਿਵਾਜਿਆ ਤੇ ਗੁਰਮਤਿ ਤੇ ਸਿਧਾਂਤ ਅਨੁਸਾਰ "ਸ਼ਬਦ ਗੁਰੂ" ਦਾ ਰੁਤਬਾ ਦਿੱਤਾ। ਇਸ ਨਾਲ ਸਮਾਜਿਕ ਬਰਾਬਰੀ, 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਤੇ 'ਸਰਬੱਤ ਦਾ ਭਲਾ' ਜੋ ਗੁਰਮਤਿ ਦੇ ਅੰਤਰ ਰਾਸ਼ਟਰਵਾਦੀ ਸਿਧਾਂਤ ਹਨ ਤੇ ਮੋਹਰ ਲੱਗਦੀ ਹੈ। ਇਸ ਤਰ੍ਹਾਂ ਗੁਰਮਤਿ ਦੇ ਸਿਧਾਂਤਾਂ ਨੂੰ ਬੜੇ ਸਪਸ਼ਟ ਰੂਪ ਵਿਚ ਭਗਤੀ ਲਹਿਰ ਵਿਚ ਦੇਖਿਆ ਜਾ ਸਕਦਾ ਹੈ। ਸਤਿਗੁਰੂ ਰਵਿਦਾਸ ਜੀ ਦੀਆਂ ਮਾਨਵਤਾ ਨੂੰ ਦਿੱਤੀਆਂ ਸਿੱਖਿਆਵਾਂ ਤੇ ਵਧੀਆ ਜੀਵਨ ਜਾਂਚ ਦੇ ਸਿਧਾਂਤ ਸਦਾ ਮਾਨਵਤਾ ਲਈ ਪ੍ਰੇਰਨਾ ਸਰੋਤ ਬਣੀਆਂ ਰਹਿਣਗੀਆਂ। ਅੱਜ ਉਹਨਾਂ ਦੇ 637ਵੇਂ ਪ੍ਰਕਾਸ਼ ਦਿਹਾੜੇ ਤੇ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਵਧਾਈ ਹੋਵੇ।

## ਜਗਤ ਗੁਰੂ ਰਵਿਦਾਸ ਦੀ ਜੈ



ਪਰਸ਼ੋਤਮ ਲਾਲ ਸਰੋਏ
(91-92175-44348)

ਧਰਤੀ ਕਹਿੰਦੀ, ਅੰਬਰ ਕਹਿੰਦਾ,
ਤੂੰ ਵੀ ਤਾਂ ਬੰਦਿਆ ਕਹਿ,
ਜਗਤ ਗੁਰੂ ਰਵਿਦਾਸ ਦੀ ਜੈ।

ਮਸਾਂ-ਮਸਾਂ ਤਾਂ ਸਾਲ ਬਾਅਦ,
ਦਿਨ ਭਾਗਾਂ ਵਾਲਾ ਆਉਂਦਾ,
ਚਾਰੇ ਪਾਸੇ ਹੋਵੇ ਰੁਸ਼ਨਾਈ,
ਸਾਰਾ ਜਗ ਖੁਸ਼ੀਆਂ ਨਾਲ ਮਨਾਉਂਦਾ,
ਸੱਚੇ ਦਿਲੋਂ ਤੂੰ, ਕੌਮ ਮਸੀਹਾ ਦਾ,
ਨਾਮ ਤੂੰ ਬੰਦਿਆ ਲੈਅ।
ਜਗਤ ਗੁਰੂ ਰਵਿਦਾਸ ਦੀ ਜੈ।

ਉਸ ਨੇ ਕੀਤਾ ਅਹਿਸਾਨ ਸਾਡੇ 'ਤੇ,
ਹੁਣ ਸਾਹ ਲੈਅ ਅਸੀਂ ਹਾਂ ਸਕਦੇ,
ਬਿਨਾਂ ਕਿਸੇ ਵੀ ਰੋਕ ਟੋਕ ਦੇ,
ਕਿਤੇ ਵੀ ਉਠ ਬਹਿ ਸਕਦੇ,
ਹਰ ਵੇਲੇ ਤੂੰ ਬੰਦਿਆ ਉਹਦੀ,
ਵਿੱਚ ਰਜ਼ਾ ਦੇ ਰਹਿ।
ਜਗਤ ਗੁਰੂ ਰਵਿਦਾਸ ਦੀ ਜੈ।

ਸਤਿਗੁਰਾਂ
ਕੀਤੀ ਮਿਹਰ,
ਤਾਂ ਜਿੰਦਗੀ
ਵਿੱਚ ਬਹਾਰ
ਹੈ ਆਈ,
ਦੁੱਖ ਦਲਿੱਦਰ
ਦੂਰ ਕਰਕੇ,
ਕੀਤੀ ਹੈ ਉਸ ਰੁਸ਼ਨਾਈ,
ਸਾਰੇ ਕਹਿੰਦੇ, ਮੈਂ ਵੀ ਆਖਾਂ,
ਤੂੰ ਵੀ ਨਾ ਪਿੱਛੇ ਰਹਿ।
ਜਗਤ ਗੁਰੂ ਰਵਿਦਾਸ ਦੀ ਜੈ।

ਪਰਸ਼ੋਤਮ ਉਚ-ਨੀਚ ਨਾ ਕੋਈ,
ਸਤਿਗੁਰਾਂ ਨੇ ਸਮਝਾਇਆ,
ਕੁਝ ਨਹੀਂ ਜਾਣਾ ਨਾਲ,
ਰਹਿ ਜਾਣੀ, ਸਾਰੀ ਏਥੇ ਮਾਇਆ।
ਛੱਡ ਕੇ ਧੋਖਾ, ਠੱਗੀ, ਬਸ ਉਹਦੇ,
ਚਰਨਾਂ ਦੇ ਵਿੱਚ ਰਹਿ।
ਜਗਤ ਗੁਰੂ ਰਵਿਦਾਸ ਦੀ ਜੈ।

## ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਤੇ ਵਿਸ਼ੇਸ਼



ਜਸਵਿੰਦਰ ਸਿੰਘ 'ਰੁਪਾਲ'
9814715796

ਪ੍ਰੀਤ ਲਾਈ ਤੂੰ ਇੱਕ ਪ੍ਰਮਾਤਮਾ ਨਾਲ, ਝੂਠੀ ਜੱਗ ਦੀ ਪ੍ਰੀਤ ਸੀ ਤੋੜ ਦਿੱਤੀ।
ਉਸ ਅਨਾਮੀ ਦੇ ਨਾਮ ਨੂੰ ਜਪ ਜਪ ਕੇ, ਸੁਰਤ ਸ਼ਬਦ ਦੇ ਵਿੱਚ ਸੀ ਜੋੜ ਦਿੱਤੀ।

ਰੂਹ ਸਦਾ ਹੀ ਪ੍ਰਭੂ ਦੇ ਗੀਤ ਗਾਵੇ,ਕੂੜ-ਰੀਤ ਦੁਨੀਆਂ ਵਾਲੀ ਤੋੜ ਦਿੱਤੀ।
ਜਾਤ-ਪਾਤ ਵਿੱਚ ਗ੍ਰਸੀ ਸੀ ਸੋਚ ਜਿਹੜੀ, ਇੱਕੋ ਜੋਤ ਦੇ ਵੱਲ ਨੂੰ ਮੋੜ ਦਿੱਤੀ।

ਜਿਹੜੇ ਪੈਰਾਂ ਨੂੰ ਤੁਰਨ ਦੀ ਜਾਚ ਆ ਗਈ, ਉਨ੍ਹਾਂ ਵਾਸਤੇ ਨੈਣ ਵਿਛਾਏ ਤੂੰ ਤਾਂ।
ਕੰਡੇ ਚੁਭਣ ਨਾ,ਕਿਤੇ ਨਾ ਪੈਣ ਅੱਟਣ, ਖਾਤਰ ਉਨ੍ਹਾਂ ਦੀ ਜੋੜੇ ਬਣਾਏ ਤੂੰ ਤਾਂ।

ਅੱਗੇ ਲੱਗ ਕੇ ਚਲਣਾ ਦੱਸਿਆ ਸੀ, ਸੱਚੇ ਮਾਰਗ ਦੇ ਪੂਰਨੇ ਪਾਏ ਤੂੰ ਤਾਂ।
ਅਸਲ ਵਿੱਚ ਸੁੱਚੇ 'ਸੁੱਚੀ ਕਿਰਤ ਵਾਲੇ', ਸੁੱਚ-ਜੂਠ ਦੇ ਭੇਦ ਸਮਝਾਏ ਤੂੰ ਤਾਂ।

ਆਈ ਮੱਥੇ ਤਰੇਲੀ ਸੀ ਬ੍ਰਾਹਮਣਾਂ ਦੇ, ਮਾਲਕ ਨਾਲ ਜਾਂ ਤੱਕਿਆ ਪਿਆਰ ਤੇਰਾ।
ਉਚ ਨੀਚ ਬਿਰਤੀ ਜੜ੍ਹੋਂ ਹਿੱਲ ਗਈ ਸੀ, ਇੱਕੋ ਜਿਹਾ ਸਭ ਖਾਤਰ ਵਿਵਹਾਰ ਤੇਰਾ।

ਨੀਚ ਸਮਝ ਤੈਨੂੰ ਘਿਰਣਾ ਕਰਨ ਜਿਹੜੇ, ਉਹਨਾਂ ਲਈ ਵੀ ਖੁੱਲ੍ਹਾ ਦਰਬਾਰ ਤੇਰਾ।
ਸ਼ਰਮਸਾਰ ਹੋਏ ਸਾਰੇ ਕਰਮ-ਕਾਂਡੀ, ਨਾਲ ਨਿਮਰਤਾ ਰਿਦਾ ਸਰਸ਼ਾਰ ਤੇਰਾ।

ਪ੍ਰਭੂ-ਪ੍ਰੀਤ ਦੇ ਜਜ਼ਬੇ ਜੋ ਭਰੇ ਦਿਲ ਵਿੱਚ,ਅਮਰ-ਸ਼ਬਦਾਂ ਦੇ ਅੰਦਰ ਸੰਭਾਲ ਦਿੱਤੇ।
ਰਾਗ ਅਤੇ ਸੰਗੀਤ ਦੀ ਛੋਹ ਦੇ ਕੇ, ਉਚੀ ਸੁਰਤ ਦੇ ਉਚੇ ਖਿਆਲ ਦਿੱਤੇ।

ਆਦਿ-ਗ੍ਰੰਥ ਖਜ਼ਾਨੇ ਲਈ ਗੁਰੂ ਅਰਜਨ, ਜੌਹਰੀ ਬਣ ਜੀਰੇ ਸਨ ਭਾਲ਼ ਦਿੱਤੇ।
ਸਿੱਖ-ਗੁਰੂ-ਪਰਮਾਤਮਾ ਇੱਕ ਹੋਇਆ, ਪਰਦੇ ਸਾਰੇ ਦੇ ਸਾਰੇ ਉਠਾਲ਼ ਦਿੱਤੇ।

ਤੈਨੂੰ ਭਗਤ ਆਖਾਂ ਜਾਂ ਮੈਂ ਗੁਰੂ ਆਖਾਂ, ਹਰੀ ਆਖਾਂ ਜਾਂ ਹਰੀ ਦਾ ਦਾਸ ਆਖਾਂ।
ਰਵੀ ਕਈਆਂ ਤੋਂ ਵਧ ਕੇ ਤੇਜ ਤੇਰਾ, ਕਿੱਦਾਂ ਦੱਸ ਖਾਂ 'ਰਵੀ' ਦਾ 'ਦਾਸ' ਆਖਾਂ।

ਇੱਧਰ ਉਧਰ ਹਰ ਥਾਂ ਤੂੰ ਹੀਂ ਨਜ਼ਰ ਆਵੇਂ, ਆਮ ਆਖਾਂ ਜਾਂ ਮੈਂ ਤੈਨੂੰ ਖਾਸ ਆਖਾਂ।
ਤੋਹੀ ਮੋਹੀ ਵਿੱਚ ਫਰਕ ਨਾ ਰਿਹਾ ਕੋਈ, ਤੂੰ ਹੀ ਤੂੰ ਹੀ ਬੱਸ ਸਾਸ ਗਿਰਾਸ ਆਖਾਂ।

"ਮੋਹ-ਫਾਸ" ਵਿੱਚ ਫਸਿਆ ਹਾਂ ਅਜੇ ਤੀਕਰ, ਕਿਵੇਂ ਛੁੱਟਾਂਗਾ ਏਸ ਜੰਜਾਲ ਵਿੱਚੋਂ।
ਨਾਮ ਸਿਮਰਨ ਦਾ ਵੱਲ ਨਾ ਜਾਣਦਾ ਹਾਂ, ਤਾਹੀਓਂ ਜਾਂਦੇ ਨਹੀਂ ਖਿੰਡੇ ਖਿਆਲ ਵਿੱਚੋਂ।

ਜਿਵੇਂ ਹਰੀ ਨੂੰ ਬੰਨਿਐ "ਪ੍ਰੇਮ-ਬੰਧਨ", ਜਾਚ ਮੈਨੂੰ ਵੀ ਓਹੀ ਸਿਖਾਲ਼ ਵਿੱਚੋਂ।
"ਬੇਗਮਪੁਰੇ" ਦਾ ਵਾਸੀ ਬਣਾ ਕੇ ਤੇ, ਮੈਲ਼ ਧੋ ਦੇ ਸਾਰੀ 'ਰੁਪਾਲ'ਵਿੱਚੋਂ।

ੴ ਸਤਿਗੁਰ ਪ੍ਰਸਾਦਿ ॥

ੴ ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹੁ ਨਹੀ ਤਿਹਿ ਠਾਉ। ਸੋਹੰ



## ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ ਲੱਖ ਵਧਾਈਆਂ

**ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਵਿਖੇ 11 ਫਰਵਰੀ ਤੋਂ 23 ਫਰਵਰੀ ਤੱਕ ਉਲੀਕੇ ਪ੍ਰੋਗਰਾਮਾਂ ਵਿਚ ਹੁੰਮ ਹੁੰਮਾ ਕੇ ਪਹੁੰਚਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।**

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਜਦੋਂ ਦੀ ਹੋਂਦ ਵਿਚ ਆਈ ਹੈ ਗੁਰੂ ਘਰ ਤੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਉਪਦੇਸ਼ ਨੂੰ ਮਾਨਵਤਾ ਦੀ ਦਹਿਲੀਜ਼ ਤੱਕ ਪਹੁੰਚਾਉਣ ਦੇ ਲਈ ਸਮੇਂ ਸਮੇਂ ਤੇ ਬਹੁਤ ਹੀ ਸੁੰਦਰ ਪ੍ਰੋਗਰਾਮ ਉਲੀਕਦੀ ਆ ਰਹੀ ਹੈ, ਜਿਸ ਦੇ ਲਈ ਸਮੁੱਚੇ ਪ੍ਰਬੰਧਕੀ ਸੇਵਾਦਾਰ ਵਧਾਈ ਦੇ ਪਾਤਰ ਹਨ। ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ ਪ੍ਰਬੰਧਕਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੇ ਲਈ ਵਚਨਬੱਧ ਹੈ।

# ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ

ੴ ਸਤਿਗੁਰ ਪ੍ਰਸਾਦਿ ॥

ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹੁ ਨਹੀ ਤਿਹਿ ਠਾਉ।



# ਨਿਰਮਲ ਸਿੰਘ ਪ੍ਰਧਾਨ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ ਲੱਖ ਵਧਾਈਆਂ

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਜਦੋਂ ਦੀ ਹੋਂਦ ਵਿਚ ਆਈ ਹੈ ਗੁਰੂ ਘਰ ਤੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਉਪਦੇਸ਼ ਨੂੰ ਮਾਨਵਤਾ ਦੀ ਦਹਿਲੀਜ਼ ਤੱਕ ਪਹੁੰਚਾਉਣ ਦੇ ਲਈ ਸਮੇਂ ਸਮੇਂ ਤੇ ਬਹੁਤ ਹੀ ਸੁੰਦਰ ਪ੍ਰੋਗਰਾਮ ਉਲੀਕਦੀ ਆ ਰਹੀ ਹੈ, ਜਿਸ ਦੇ ਲਈ ਸਮੁੱਚੇ ਪ੍ਰਬੰਧਕੀ ਸੇਵਾਦਾਰ ਵਧਾਈ ਦੇ ਪਾਤਰ ਹਨ। ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ ਪ੍ਰਬੰਧਕਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੇ ਲਈ ਵਚਨਬੱਧ ਹੈ।

# ਨਿਰਮਲ ਸਿੰਘ

## ਪ੍ਰਧਾਨ

## ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ (ਯੂ ਐਸ ਏ)



## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਗੁਰਪੁਰਬ ਦੀ ਕੋਟਿਨ ਕੋਟ ਵਧਾਈ

ਰਵਿਦਾਸ ਜੋ ਹੈ ਬੇਗਮਪੁਰਾ,ਉਹ ਪੂਰਨ ਸੁਖ ਧਾਮ ।
ਦੁੱਖ ਅੰਦੋਹ ਅਰ ਦੈਸ਼ ਨਹੀ ਵਸਿਹ ਤਹਿ ਠਾਮ ॥

ਰਵਿਦਾਸ ਸੋਈ ਸੂਰਾ ਭਲਾ, ਜਓ ਲਰੈ ਧਰਮ ਕੇ ਹੇਤ ।
ਅੰਗ ਅੰਗ ਕਟ ਭੋਇ ਗਿਰੇ, ਤਉ ਨਾ ਛਾਡੈ ਖੇਤ ॥



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਬੇਗਮਪੁਰਾ ਕਲਚੁਰਲ ਸੁਸਾਇਟੀ ਆਫ਼ ਨਿਊਯਾਰਕ ਵਲੋਂ ਜਗਤਗੁਰੂ,ਇਨਕਲਾਬ ਦੇ ਮੋਢੀ, 14ਵੀਂ ਸਦੀ ਦੇ ਮਹਾਂਨਾਇਕ ਪਛੜੇ ਤੇ ਦਬਾਏ ਹੋਏ ਲੋਕਾਂ ਦੇ ਰਹਿਬੁਰ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਂਰਾਜ ਜੀ ਦੇ 637ਵੇਂ ਗੁਰਪੁਰਬ ਦੀ ਕੋਟਿਨ ਕੋਟ ਵਧਾਈ ਸਮੂਚੇ ਜਗਤ ਨਾਲ ਸਾਂਝੀ ਕਰਕੇ ਬੜਾ ਗਰਵ ਮਹਿਸੂਸ ਕਰਦੀ ਹੈ, ਅਤੇ ਗੁਰੂ ਜੀ ਦੇ ਬੇਗਮਪੁਰੇ ਦੇ ਸੰਕਲਪ ਨੂੰ ਮਿਸ਼ਨ ਮੰਨਕੇ ਭਾਈਚਾਰੇ 'ਚ ਨਵੀਆਂ ਅਤੇ ਨਰੋਈਆਂ ਸੰਭਾਵਨ੍ਹਾਵਾਂ ਸਿਰਜ ਰਹੀ ਹੈ ਅਤੇ ਭਵਿੱਖ 'ਚ ਵੀ ਗੁਰੂ ਜੀ ਦੀ ਬਖਸ਼ੀ ਹੋਈ ਬੁੱਧੀ ਸਦਕਾ ਯਤਨਸ਼ੀਲ ਰਹੇਗੀ ।

ਪ੍ਰਧਾਨ: ਸ੍ਰੀ ਪਰਮਜੀਤ ਕਮਾਮ
646-331-1206

ਜਰਨਲ ਸਕੱਤਰ: ਬਲਵਿੰਦਰ ਭੌਰਾ
646-644-0409

ਚੇਅਰਮੈਨ: ਸ੍ਰੀ ਮਦਨ ਸਿੰਘ ਬੱਧਨ
914-439-8303

BEGUMPURA CULTURAL SOCIETY OF NEW YORK
25-11 86th Street, East Elmhurst, NY 11369
Tel: 646-331-1206

# Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL
BOUTIQUE
JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS

ONE STOP SHOPPING CENTER

29576 Mission Blvd, Hayward, CA 94544
Visit us on the Web at www.kashfabrics.com

**Phone: 510-538-1138**



# HAPPY TRAVELS AGENCY



Harjit (Happy)
Agency Owner
HappyTravels Agency

Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World

Email: happytravelsusa@yahoo.com

PHONE: 209-594-8473
E-FAX: 877-623-6177

1743 GRAND CANAL BLVD
12 STOCKTON, CA 95207



# Mikasa HOMES & FUNDING

## Rakesh Chander

Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



Prop: Jasbir Singh Takhar
510-755-2132

We Do Complete Engine Transmission, Body and Paint Work We Sell Used Cars at a Good Price

Free Estimates
Free Towing



Harmandeep Singh

**510- 733- 2222**

1421 Industrial PKWY West#F Hayward, CA 94544



# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH
11:00 AM TO
3:00 PM.

WE ARE OPEN
SEVEN DAYS
11AM TO 10PM



ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

Contact Us:
Ph. 510-885-1212,
Fax 510-885-1532



Surinder Koka
www.haywardtandoor.com

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥


# ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ

ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੋਕਾਈ ਨੂੰ

## ਲੱਖ ਲੱਖ ਵਧਾਈਆਂ



ਸੁੰਮਨ ਬੂਦਰਜ਼ ਪਰਿਵਾਰ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## Balbir Suman

## STAR EXPRESS TRUCKING INC

## (530) 635-3853


3530 Emma Ct., Yuba City, CA- 95993

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

# ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ


ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੋਕਾਈ ਨੂੰ

## ਲੱਖ ਲੱਖ ਵਧਾਈਆਂ



ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 23, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹੋਰ ਜਾਣਕਾਰੀ ਲਈ ਗੁਰੂ ਘਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ 530-674-2564



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

# ਸ੍ਰੀ ਪਰਸ਼ੋਤਮ ਸੂਦ

ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੀਫੋਰਨੀਆ)

## (530)-845- 4508

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਆਰੰਭ ਸ੍ਰੀ ਅਖੰਡ ਪਾਠ ਸਾਹਿਬ
14 ਫਰਵਰੀ
ਦਿਨ ਸ਼ੁੱਕਰਵਾਰ ਸਵੇਰੇ 10.00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
16 ਫਰਵਰੀ
ਐਤਵਾਰ, ਸਵੇਰੇ 9.30 ਵਜੇ




ਪਹੁੰਚ ਰਹੇ ਰਾਗੀ ਢਾਡੀ ਜਥੇ
ਭਾਈ ਬਲਦੇਵ ਸਿੰਘ,
ਭਾਈ ਹਰਜਿੰਦਰ ਸਿੰਘ ਰਸੀਆ (ਹੈਡ ਗ੍ਰੰਥੀ)
ਢਾਡੀ ਜਥਾ ਭਾਈ ਕਮਲਜੀਤ ਸਿੰਘ ਜੀ
(ਬਿਲਗੇ ਵਾਲੇ)

ਪਰਮ ਸਤਿਕਾਰਯੋਗ ਸਾਧ ਸੰਗਤ ਜੀਓ !

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ)ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 16, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

15 ਫਰਵਰੀ ਦਿਨ ਸ਼ਨੀਵਾਰ ਸ਼ਾਮ 3.30 ਵਜੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਜਾਵੇਗੀ।
2 ਫਰਵਰੀ ਦਿਨ ਐਤਵਾਰ ਅਤੇ 9 ਫਰਵਰੀ ਦਿਨ ਐਤਵਾਰ ਸਵੇਰ ਦੇ ਦੀਵਾਨਾਂ ਵਿਚ ਭਾਈ ਅੰਮ੍ਰਿਤਪਾਲ ਸਿੰਘ (ਸੰਗਰੂਰ ਵਾਲੇ) 11.00 ਵਜੇ ਤੋਂ 12.00 ਵਜੇ ਤੱਕ ਕੀਰਤਨ ਦੀ ਹਾਜ਼ਰੀ ਭਰਨਗੇ।
ਸੰਗਤ ਨੂੰ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੀ ਉਸਾਰੀ ਬਿਲਡਿੰਗ ਨੂੰ ਹੋਰ ਸੁੰਦਰ ਬਣਾਉਣ ਲਈ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਓ ਜੀ

**ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।**

ਲੰਗਰ ਦੇ ਸਟਾਲ ਦੀ ਸੇਵਾ ਲਈ ਸੰਪਰਕ ਕਰੋ: **ਕੇਵਲ ਜੱਖੂ : 209-241-4117, ਹਰਮੇਸ਼ ਬੰਗੜ: 925-895-4020**

## ਸੇਵਾਦਾਰ

ਚੇਅਰਪਰਸਨ
ਦੇਬੋ ਬੈਂਸ
ਵਾਈਸ ਚੇਅਰਮੈਨ
ਹਰਮੇਸ਼ ਬੰਗੜ

ਪ੍ਰਧਾਨ
ਸਲਿੰਦਰ ਸਿੰਘ ਭਾਟੀਆ
ਉਪ ਪ੍ਰਧਾਨ
ਨਿਰਮਲ ਰੱਤੂ

ਸੈਕਟਰੀ
ਅਭਿਸ਼ੇਕ
ਸਹਾਇਕ ਸੈਕਟਰੀ
ਕੇਵਲ ਜੱਖੂ

ਖਜ਼ਾਨਚੀ
ਗਿਆਨ ਸੁੰਮਨ
ਸਹਾਇਕ ਖਜ਼ਾਨਚੀ
ਕੁਲਵੰਤ ਬੰਗਾ




ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਦੇ ਮੈਂਬਰ ਅਤੇ ਹੋਰ

# ਪ੍ਰਸਿੱਧ ਕਥਾਵਾਚਕ ਗਿਆਨੀ ਅਮਰੀਕ ਸਿੰਘ ਚੰਡੀਗੜ੍ਹ ਵਾਲੇ ਨਿਊਯਾਰਕ ਪਹੁੰਚੇ



ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪ੍ਰਕਾਸ਼ ਪੁਰਬ ਉਤੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵੱਲੋਂ ਰੱਖੇ 13ਦਿਨ ਦੇ ਵਿਸ਼ੇਸ਼ ਸਮਾਗਮ ਵਿਚ ਗੁਰਬਾਣੀ ਗੁਰ ਇਤਿਹਾਸ ਦੀ ਕਥਾ ਨਾਲ ਸਾਂਝ ਪਾਉਣ ਲਈ ਪੰਥ ਪ੍ਰਸਿੱਧਕਥਾਵਾਚਕ ਗਿਆਨੀ ਅਮਰੀਕ ਚੰਡੀਗੜ੍ਹ ਸੋਮਵਾਰ ਨਿਊਯਾਰਕ ਪਹੁੰਚੇ। ਨਿਊਯਾਰਕ ਪਹੁੰਚਣ ਉਤੇ ਗੁਰੂਘਰ ਦੇ ਪ੍ਰਬੰਧਕਾਂ ਵੱਲੋਂ ਉਹਨਾਂ ਨੂੰ ਏਅਰਪੋਰਟ ਤੇ ਫੁੱਲਾਂ ਦਾ ਗੁਲਦਸਤਾ ਭੇਂਟ ਕਰੇ ਜੀ ਆਇਆਂ ਕਿਹਾ ਗਿਆ। ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਚ ਗਿਆਨੀ ਜੀ 11 ਫਰਵਰੀ ਦਿਨ ਮੰਗਲਵਾਰ ਤੋਂ ਲੈ ਕੇ 23 ਫਰਵਰੀ ਦਿਨ ਐਤਵਾਰ ਤੱਕ ਹਰ ਰੋਜ਼ ਸ਼ਾਮ 7 ਵਜੇ ਤੋਂ ਹਾਜ਼ਰੀ ਭਰਨਗੇ। ਭਾਈ ਸਾਹਿਬ ਦੀ ਕਥਾ ਹਰ ਰੋਜ਼ ਸਵੇਰੇ ਗੋਲਬਲ ਪੰਜਾਬ ਟੀ. ਵੀ. ਤੇ ਦਿਖਾਈ ਜਾਵੇਗੀ। ਗਿਆਨੀ ਅਮਰੀਕਾ ਸਿੰਘ ਜੀ ਦੀ ਟੀਮ ਜਿੱਥੇ ਸੈਂਖੜੇ ਸੀ ਡੀ ਅਤੇ ਐਮ ਪੀ 3 ਗੁਰਬਾਣੀ ਅਤੇ ਗੁਰ ਇਤਿਹਾਸ ਤੇ ਸੰਗਤਾਂ ਦੀ ਝੋਲੀ ਪਾ ਚੁੱਕੇ ਹਨ, ਨੂੰ ਸੰਗਤਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ, ਉਥੇ ਆਪ ਜੀ ਦੀ ਕਲਮ ਤੋਂ ਲਿਖੀਆਂ 10 ਕਿਤਾਬਾਂ ਨੂੰ ਵੀ ਰੱਜਵਾਂ ਪਿਆਰ ਮਿਲਿਆ ਹੈ। ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਉਦਮ ਕਰਕੇ ਵਧੀਆ ਪ੍ਰੋਗਰਾਮ ਉਲੀਕੇ ਗਏ ਹਨ। ਸੰਗਤਾਂ ਵੀ ਹੁੰਮ ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਪ੍ਰੋਗਰਾਮ ਬਾਰੇ ਜਾਣਕਾਰੀ 718-898-8150, ਗੁਰੂ ਘਰ 347-538-8296 ਨਿਰਮਲ ਸਿੰਘ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰੂ ਰਵਿਦਾਸ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ 11 ਤੋਂ

ਨਿਊਯਾਰਕ- ਸਥਾਨਕ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵੱਲੋਂ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ 11 ਫਰਵਰੀ ਤੋਂ 23 ਫਰਵਰੀ ਤੱਕ ਕਰਵਾਏ ਜਾ ਰਹੇ ਹਨ ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਜਥੇ ਅਤੇ ਕਥਾਵਾਚਕ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਗੁਰਦੁਆਰਾ ਗੁਰੂ ਰਵਿਦਾਸ ਸਭਾ ਨਿਊਯਾਰਕ ਦੇ ਮੁੱਖ ਸੇਵਾਦਰ ਨਿਰਮਲ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ 11 ਫਰਵਰੀ ਤੋਂ 23 ਫਰਵਰੀ ਤੱਕ ਸ਼ਾਮ ਦੇ ਵਿਸ਼ੇਸ਼ ਦੀਵਾਨ 7 ਵਜੇ ਤੋਂ9 ਵਜੇ ਤੱਕ ਸਜਾਏ ਜਾਣਗੇ। 13 ਫਰਵਰੀ ਵਾਲੇ ਦਿਨ ਰਾਤ ਦਾ ਦੀਵਾਨ ਇਕ ਵਜੇ ਤੱਕ ਚੱਲਿਆ। ਉਸ ਦਿਨ 12 ਵਜੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਫੁੱਲਾਂ ਦੀ ਵਰਖਾ ਕੀਤੀ ਗਈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਵਿਦਾਸ ਜੀ ਦੇ 16 ਰਾਗਾਂ ਵਿਚ 40 ਸ਼ਬਦ ਦਰਜ ਹਨ। 16 ਫਰਵਰੀ ਨੂੰ ਐਤਵਾਰ ਦੇ ਦੀਵਾਨ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੋਣਗੇ, ਜਦੋਂ ਕਿ 23 ਫਰਵਰੀ ਵਾਲੇ ਦਿਨ ਪ੍ਰਕਾਸ਼ ਪੁਰਬ ਮੌਕੇ ਦੀਵਾਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਸਜਣਗੇ। ਇਹਨਾਂ ਦੀਵਾਨਾਂ ਵਿਚ ਭਾਈ ਧਰਮ ਸਿੰਘ, ਭਾਈ ਅਮਰੀਕ ਸਿੰਘ ਗੁਰਦਾਸਪੁਰ, ਭਾਈ ਨਰਿੰਦਰ ਸਿੰਘ ਦਿੱਲੀ ਤੋਂ ਇਲਾਵਾ ਹੋਰ ਕਈ ਪੰਥ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀ. ਇਲਾਹੀ ਰੰਗ ਵਿਚ ਰੰਗਣਗੇ। ਭਾਈ ਅਮਰੀਕ ਸਿੰਘ ਚੰਡੀਗੜ੍ਹ ਕਥਾ ਵਿਆਖਿਆ ਸਰਵਣ ਕਰਵਾਉਣਗੇ। ਉਹਨਾਂ ਕਿਹਾ ਕਿ ਸੰਨ 2001 ਤੋਂ ਸਥਾਪਤ ਰਵਾਇਤ ਅਨੁਸਾਰ ਇਸ ਸਾਲ ਵੀ ਅਖਚੰਡ ਪਾਠਾਂ ਦੀ ਲੜੀ 11 ਫਰਵਰੀ ਨੂੰ ਆਰੰਭ ਹੋਈ ਅਤੇ 23 ਫਰਵਰੀ ਨੂੰ ਸਮਾਪਤ ਹੋਵੇਗੀ। ਉਸੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 10 ਵਜੇ ਹੋਵੇਗੀ।

ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ 8, 9, 15, 16 ਅਤੇ 22 ਫਰਵਰੀ ਨੂੰ ਸਵੇਰੇ 5 ਵਜੇ ਗੁਰਦੁਆਰਾ ਸਾਹਿਬ ਅੰਦਰ ਕੱਢੀਆਂ ਜਾ ਰਹੀਆਂ ਹਨ। ਇਹਨਾਂ ਸਮਾਗਮਾਂ ਦੌਰਾਨ ਸਟੇਜ ਦੀ ਸੇਵਾ ਜਨਰਲ ਸਕੱਤਰ ਪਰਮਜੀਤ ਲਾਲ ਅਤੇ ਸਕੱਤਰ ਚਰਨਜੀਤ ਸਿੰਘ ਝੱਲੀ ਨਿਭਾਉਣਗੇ।

# ਨਸ਼ਿਆਂ ਵਿਰੁਧ ਜੋਰਦਾਰ ਮੁਹਿੰਮ ਅਰੰਭ ਕਰਾਂਗੇ-ਡਾ. ਗੁਰਦੀਪ ਸਿੰਘ ਬੁਟਰ

ਹਿਊਸਟਨ (ਟੈਕਸਾਸ) ਨਸ਼ਿਆਂ ਵਿਰੁਧ ਨੌਜਵਾਨਾਂ ਨੂੰ ਜਾਗਰਤ ਕਰਨ ਤੇ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਰਖਣ ਲਈ ਅਸੀਂ ਜੋਰਦਾਰ ਮੁਹਿੰਮ ਅਰੰਭ ਕਰਾਂਗੇ ਜਿਸਦੀ ਰੂਪ ਰੇਖਾ ਤਿਆਰ ਕਰਨ ਲਈ ਡਾ.ਜਸਵੰਤ ਸਿੰਘ ਪੰਧੇਰ ਤੇ ਡਾ.ਅਜਿੰਦਰ ਸਿੰਘ ਢੱਟ ਤੇ ਅਧਾਰਤ ਇਕ ਕਮੇਟੀ ਬਣਾ ਦਿਤੀ ਗਈ ਹੈ।ਇਸ ਗਲ ਦਾ ਐਲਾਨ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ(ਨਾਪਾ) ਦੀ ਟੈਕਸਾਸ ਸਟੇਟ ਇਕਾਈ ਦੇ ਚੇਅਰਮੈਨ ਡਾ.ਗੁਰਦੀਪ ਸਿੰਘ ਬੁਟਰ ਨੇ ਸਥਾਨਕ ਵਿਨਗੇਟ ਹੋਟਲ ਦੇ ਮੀਟਿੰਗ ਹਾਲ ਵਿਚ ਨਾਪਾ ਦੀ ਵਰਕਿੰਗ ਕਮੇਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਹੀ।ਮੀਟੰਗ ਦੌਰਾਨ ਐਸੋਸ਼ੀਏਸ਼ਨ ਵਲੋਂ ਪੰਜ ਅਪਰੈਲ ਨੂੰ ਕਰਵਾਏ ਜਾ ਰਹੇ ਵਿਸਾਖੀ ਮੇਲੇ ਨੂੰ ਸਫਲ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ ਤੇ ਨਾਲ ਹੀ ਇਸ ਗਲ ਦਾ ਫੈਸਲਾ ਕੀਤਾ ਗਿਆ ਕਿ ਨਾਪਾ ਦੀ ਟੈਕਸਾਸ ਇਕਾਈ ਦੇ ਮੈਂਬਰਾਂ ਦੀ ਮੀਟਿੰਗ ਛੇ ਅਪਰੈਲ ਸ਼ਾਮ ਨੂੰ ਚਾਰ



ਵਜੇ ਹੋਵੇਗੀ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਨਾਪਾ ਦੇ ਪਰਧਾਨ ਸ: ਗੁਰਨਾਮ ਸਿੰਘ ਸੰਧਰ ਨੇ ਕਿਹਾ ਕਿ ਜਿਸ ਤਰਾਂ ਅਜ ਨੌਜਵਾਨ ਬੜੀ ਭਾਰੀ ਗਿਣਤੀ ਵਿਚ ਇਸ ਸੰਸਥਾ ਨਾਲ ਜੁੜ ਰਹੇ ਹਨ ਉਸ ਨਾਲ ਇਹ ਐਸੋਸ਼ੀਏਸ਼ਨ ਦਿਨੋ ਦਿਨ ਮਜਬੂਤ ਹੋ ਰਹੀ ਹੈ।ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਬਖਸ਼ੀਸ਼ ਸਿੰਘ ਜੋਸਨ, ਰਜਿੰਦਰ ਸਿੰਘ ਉਭੀ, ਮੇਜਰ ਸਮਰਾ, ਹਰਮੀਤ ਸਿੰਘ ਉਭੀ, ਅਨੂਪ ਸਿੰਘ, ਧਿਆਨ ਸਿੰਘ, ਮੁਖਤਿਆਰ ਸਿੰਘ ਤੇ ਸੁਖਦੇਵ ਸਿੰਘ ਆਦਿ ਆਗੂ ਵੀ ਸ਼ਾਮਲ ਹੋਏ।

# ਸੈਦੋਕੇ ਨੂੰ ਗਹਿਰਾ ਸਦਮਾ- ਮਾਤਾ ਹਰਬੰਸ ਕੌਰ ਨੂੰ ਭਿੱਜੀਆਂ ਅੱਖਾਂ ਨਾਲ ਅਲਵਿਦਾ

ਕੈਲੀਫੋਰਨੀਆ- 10. 10. 1935 ਨੂੰ ਸ੍ਰੀ ਲਛਮਣ ਸਿੰਘ ਗੋਨਿਆਣਾ ਦੇ ਘਰ ਪੈਦਾ ਹੋਈ ਮੇਰੀ ਮਾਂ ਨੇ ਆਪਣੇ ਬਚਪਨ ਦੇ ਦਿਨਾਂ ਨੂੰ ਬਹੁਤ ਵਾਰ ਜਦੋਂ ਮੈਂ ਇੰਡੀਆ ਜਾਂਦਾ ਅਸੀਂ ਸਾਰੇ ਰਾਤ ਨੂੰ ਇਕੱਠੇ ਬੈਠਦੇ ਤਾਂ ਯਾਦ ਕਰਦੀ ਰਹਿੰਦੀ। ਇਕ ਚੰਗੇ ਖਾਨਦਾਨੀ ਪੈਸੇ ਵਾਲੇ ਘਰ ਵਿਚ ਪੈਦਾ ਹੋਈ ਹੋਣ ਕਾਰਨ ਬਚਪਨ ਤੋਂ ਲੈ ਕੇ ਜਵਾਨੀ ਤੱਕ ਪਤਾ ਹੀ ਨਹੀਂ ਲੱਗਾ 18 ਸਾਲ ਕਿਵੇਂ ਬੀਤ ਗਏ। ਮੇਰੀ ਮਾਂ ਆਪਣੇ ਪਿੰਡ ਦੇ ਪੁਰਾਣੇ ਜਿਹੇ ਸਕੂਲ ਦੀਆਂ ਤੱਪੜਾਂ ਤੇ ਬੈਠ ਕੇ ਪੜ੍ਹਨ ਦੀਆਂ ਸਾਰੀਆਂ ਕਹਾਣੀਆਂ ਸੁਣਾ ਦਿੰਦੀ।

ਇਕ ਵਾਰ ਮੈਂ ਹਾਸੇ ਮਜ਼ਾਕ ਵਿਚ ਮਾਂ ਨੂੰ ਪੁੱਛਿਆ, ਮਾਂ ਨਾਨੀ ਜੀ ਦੱਸਦੇ ਸੀ ਜਵਾਨੀ ਵੇਲੇ ਤੂੰ ਸੋਹਣੀ ਬਹੁਤ ਸੀ, ਫਿਰ ਤਾਂ ਮੁੰਡੇ ਵੀ ਬਹੁਤ ਛੇੜਦੇ ਹੋਣੇ ਆ। ਫਿੱਟੇ ਮੂੰਹ ਅੰਨ੍ਹਾ ਜੁਲਾਹਾ ਮਾਂ ਨੂੰ ਮਸ਼ਕਰੀਆਂ, ਅਮਰੀਕਾ ਜਾ ਕੇ ਦਿਮਾਗ ਠੀਕ ਹੋਣਾ ਸੀ ਪਰ ਜ਼ਿਆਦਾ ਖਰਾਬ ਹੋ ਗਿਆ ਤੇਰਾ। ਸਾਰਿਆਂ ਨੇ ਗੱਲ ਹਾਸੜ ਪਾ ਲਈ। ਖੁਸ਼ੀ ਵਿਚ ਮਾਂ ਦਾ ਮੂੰਹ ਵੀ ਲਾਲ ਹੋ ਗਿਆ। ਸਾਰੇ ਹੱਸ ਕੇ ਚੁੱਪ ਕਰ ਗਏ, ਮਾਂ ਕਹਿੰਦੀ ਲੈ ਸੁਣ ਫਿਰ ਸਾਡੇ ਵੇਲੇ ਗੰਦੇ ਦਿਮਾਗ ਘੱਟ ਹੁੰਦੇ ਸੀ। ਸਾਡੇ ਵੇਲੇ 15, 16 ਸਾਲ ਦੀ ਉਮਰ ਤੱਕ ਮੁੰਡੇ ਕੁੜੀਆਂ ਇਕੱਠੇ ਹੀ ਖੇਡਦੇ ਰਹਿੰਦੇ ਸਨ ਕੋਈ ਵੀ ਮਾੜਾ ਨੀ ਸੀ ਸੋਚਦਾ, ਸਤਿਯੁਗ ਸੀ ਉਦੋਂ। ਹੁਣ ਤਾਂ ਕਲਯੁੱਗ ਆ ਗਿਆ, ਮਾਂ ਕੁਝ ਸੋਚਣ ਲੱਗ ਪਈ।

ਦੱਸਣ ਮੁਤਾਬਕ ਮੇਰੀ ਮਾਂ 18 ਸਾਲ ਦੀ ਸੀ ਜਦੋਂ ਉਸ ਦਾ ਵਿਆਹ ਮੇਰੇ ਪਿਤਾ ਜੀ ਪਿੰਡ ਸੈਦੋਕੇ ਦੇ ਸੂਬੇਦਾਰ ਜੀਤ ਸਿੰਘ ਨਾਲ ਹੋ ਗਿਆ ਪਰ ਮਾਂ ਸੈਦੋਕੇ ਪਿੰਡ ਘੱਟ ਹੀ ਰਹੀ ਸਾਡੇ ਪਿਤਾ ਜੀ ਸੂਬੇਦਾਰ ਜੀਤ ਸਿੰਘ ਨਾਲ ਹੀ ਫੌਜ ਦੇ ਕੁਆਟਰਾਂ ਵਿਚ ਰਹਿੰਦੀ ਅਤੇ ਸਾਡੀ ਸਾਰਿਆਂ ਦੀ ਪੈਦਾਇਸ਼ ਵੀ ਬਾਹਰ ਹੋਈ ਸੀ। ਦਿਨ ਬੀਤਦੇ ਗਏ, ਸਾਲ ਲੰਘਦੇ ਗਏ, ਅਖੀਰ ਪ੍ਰਮਾਤਮਾ ਨੇ ਪਿਤਾ ਜੀ ਨੂੰ ਆਪਣੇ ਕੋਲ ਬੁਲਾ ਲਿਆ ਅਤੇ ਚਾਰ ਭੈਣਾਂ, ਤਿੰਨ ਭਰਾਵਾਂ ਵਾਲੀ ਵੱਡੀ ਫੈਮਿਲੀ ਦੀ ਸਾਰੀ ਜ਼ਿੰਮੇਵਾਰੀ ਸਾਡੀ ਮਾਂ ਉਤੇ ਆ ਗਈ, ਬਿਨਾਂ ਸਿਰ ਦੇ ਸਾਈਂ ਤੋਂ ਸੱਤ ਬੱਚਿਆਂ ਵੱਲ ਵੇਖ ਸਾਡੀ ਮਾਂ ਵੀ ਘਬਰਾ ਜਾਂਦੀ ਪਰ ਹੌਸਲਾ ਨਹੀਂ ਹਾਰਿਆ, ਜ਼ਮਾਨੇ ਦੀਆਂ ਗੰਦੀਆਂ ਨਜ਼ਰਾਂ ਤੋਂ ਬਚਣ ਲਈ ਮਾਂ ਨੇ ਮੇਰੀਆਂ ਦੋ ਵੱਡੀਆਂ ਭੈਣਾਂ ਦੇ ਵਿਆਹ ਛੋਟੀ ਉਮਰੇ ਹੀ ਕਰ ਦਿੱਤੇ। ਕੋਈ ਇਨਕਮ ਨਾ ਹੋਣ ਕਾਰਨ ਸੇਵਿੰਗ ਵਾਲਾ ਪੈਸਾ ਖਤਮ ਹੋ ਗਿਆ। ਜਦੋਂ ਮੈਂ ਹਾਈ ਸਕੂਲ ਪੜ੍ਹਦਾ ਸੀ ਉਹ ਦਿਨ ਯਾਦ ਕਰਕੇ ਮੈਂ ਅੱਜ ਵੀ ਕੰਬ ਜਾਂਦਾ। ਫੀਸ ਦੇਣ ਲਈ ਪੈਸੇ ਨਹੀਂ ਹੁੰਦੇ ਸਨ। ਪੈਰਾਂ ਵਿਚ ਗਰਮੀ ਦੇ ਦਿਨਾਂ ਵਿਚ ਚੱਪਲਾਂ ਵੀ ਨਹੀਂ ਸੀ ਹੁੰਦੀਆਂ। ਸਾਡੀ ਮਾਂ ਦੋ ਵਕਤ ਦੀ ਰੋਟੀ ਸਾਨੂੰ ਜ਼ਰੂਰ ਦਿੰਦੀ ਆਪ ਕਦੇ ਭੁੱਖੀ ਹੀ ਸੌਂ ਜਾਂਦੀ। ਮਾਂ ਦਾ ਕਰਜ਼ਾ ਲੱਥ ਨਹੀਂ ਹੋਣਾ, ਨਹੁੰ ਤੋਂ ਮਾਸ ਕਦੇ ਵੱਖ ਨੀ ਹੋਣਾ। ਕਿੰਨੇ ਆਏ ਤੇ ਕਿੰਨੇ ਟੁੱਟੇ ਤਾਰੇ ਹੁਣ ਤੱਕ।
ਇਹ ਹਿਸਾਬ ਹੁਣ ਮੈਥੋਂ ਰੱਖਣ ਨੀ ਹੋਣਾ

ਵਕਤ ਦੇ ਨਾਲ ਗਿਣਤੀ ਵੀ ਭੁੱਲ ਜਾਂਦੇ ਆਂ, ਪਰ ਤੈਨੂੰ ਭੁੱਲਣਾ ਮੇਰੀ ਮਾਂ, ਇਹ ਮੇਰੇ ਵੱਸ ਨੀ ਹੋਣਾ, ਦਿਨ ਉਹ ਨੀ ਰਹੇ ਤੇ ਦਿਨ ਆਹ ਵੀ ਰਹਿਣੇ ਨਹੀਂ, ਮਾੜਾ ਟਾਈਮ ਨਿਕਲ ਗਿਆ। ਮੇਰੇ ਅਮਰੀਕਾ ਅਤੇ ਛੋਟੇ ਭਰਾ ਦੇ ਇੰਗਲੈਂਡ ਜਾਣ ਨਾਲ ਵਕਤ ਬਦਲ ਗਿਆ। ਮੇਰੀ ਹਮੇਸ਼ਾ ਇਹੋ ਕੋਸ਼ਿਸ਼ ਹੁੰਦੀ ਕਿ ਮਾਂ ਨੂੰ ਉਹ ਸਾਰੀਆਂ ਖੁਸ਼ੀਆਂ ਦੇਵਾਂ ਜਿਹਨਾਂ ਦੀ ਕਦੇ ਅਸੀਂ ਕਲਪਨਾ ਕਰਦੇ ਹੁੰਦੇ ਸੀ। ਮਾਂ ਅਮਰੀਕਾ ਤਿੰਨ ਸਾਲ ਲਾ ਗਈ, ਦੋ ਵਾਰ ਇੰਗਲੈਂਡ ਵੀ ਰਹਿ ਗਈ ਪਰ ਕਿਸੇ ਵਜ੍ਹਾ ਕਾਰਨ ਮੇਰੇ ਕੋਲ ਪੱਕੀ ਨਾ ਰਹਿ ਸਕੀ। ਮੈਂ ਬਦਨਸੀਬ ਸਰਵਣ ਪੁੱਤਰ ਨਾ ਬਣ ਸਕਿਆ। ਆਖਿਰ ਮਾਂ ਇੰਡੀਆ ਜਾ ਕੇ ਰਹਿਣ ਲੱਗ ਪਈ, ਵੱਡੇ ਭਰਾ ਕੋਲ। ਜ਼ਿੰਦਗੀ ਦੇ ਨਾਜ਼ੁਕ ਮੋੜਾਂ ਤੇ ਜਿੱਥੋਂ ਜਿੰਨਾ ਮਾਂ ਨੇ ਸਾਥ ਦਿੱਤਾ, ਮੈਂ ਉਸ ਦਾ ਕਰਜ਼ ਅਦਾ ਨਹੀਂ ਕਰ ਸਕਿਆ।

ਮੁਆਫੀ ਮਾਂਗ ਕਰ ਉਨਕੋ, ਕਿਉਂ ਦਰਦ ਦੇਤੇ ਹੋ
ਤੁਮ ਤੋ ਜਲ ਕਰ ਵੀ ਮੁਆਫੀ ਕੇ ਕਾਬਲ ਨਹੀਂ।

ਜ਼ਿੰਦਗੀ ਦੇ ਆਖਰੀ ਸਾਲ, ਸਮਾਂ ਪੋਤੀਆਂ, ਪੋਤੇ, ਦੋਹਤੀਆਂ, ਦੋਹਤੇ ਅਤੇ ਆਪਣੇ ਸਰੀਕੇ ਕਬੀਲੇ ਵਿਚ ਅਮਰੀਕਾ ਅਤੇ ਇੰਗਲੈਂਡ ਦੀਆਂ ਕਹਾਣੀਆਂ ਸੁਣਾਉਂਦੀ। ਆਖਿਰ ਆਪਣੇ ਜੱਦੀ ਘਰ ਸੈਦੋਕੇ ਵਿਖੇ 8 ਫਰਵਰੀ ਨੂੰ ਸਵੇਰੇ ਸਾਰਿਆਂ ਨੂੰ ਅਲਵਿਦਾ ਕਹਿ ਗਈ। ਪੁੱਤ ਕਪੁੱਤ ਹੋ ਜਾਂਦੇ ਆ, ਮਾਂ ਫਿਰ ਵੀ ਮਾਵਾਂ ਰਹਿੰਦੀਆਂ ਨੇ, ਲੋਕੋ ਮਾਂ ਵਰਗਾ ਕੋਈ ਬਿਰਖ ਨਹੀਂ, ਜਿਥੇ ਠੰਡੀਆਂ ਛਾਵਾਂ ਰਹਿੰਦੀਆਂ ਨੇ।

– ਜਸਵੰਤ ਸਿੰਘ ਸੈਦੋਕੇ (ਮੁੱਖ ਸੰਪਾਦਕ)

ਜਸਵੰਤ ਸਿੰਘ ਸੈਦੋਕੇ ਅਤੇ ਉਹਨਾਂ ਦੇ ਸਮੂਹ ਪਰਿਵਾਰ ਨਾਲ ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ ਵਿਚ ਹਮਦਰਦੀ ਪ੍ਰਗਟ ਕਰਦਾ ਹੈ।

# ਮਾਤਾ ਕਰਤਾਰ ਕੌਰ ਦਾ ਦੇਹਾਂਤ



ਫਰਿਜ਼ਨੋ (ਡੀ. ਡੀ. ਬੀ.)- ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ (ਆਈ. ਬੀ. ਓ.) ਕੈਲੇਫੋਰਨੀਆ ਦੇ ਮੋਢੀ ਆਗੂਆਂ ਵਿਚੋਂ ਪਟਵਾਰੀ ਸ. ਧਰਮ ਸਿੰਘ ਭਾਰਤੀ ਦੀ ਸੁਪਤਨੀ ਕਰਤਾਰ ਕੌਰ ਜੀ (79) 30 ਜਨਵਰੀ ਨੂੰ ਇਕ ਹਸਪਤਾਲ ਅੰਦਰ ਦਮ ਤੋੜ ਗਏ। ਯਾਦ ਰਹੇ ਸ. ਧਰਮ ਸਿੰਘ ਭਾਰਤੀ ਵੀ ਕੋਈ ਡੇਢ ਸਾਲ ਪਹਿਲਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ।

ਪਰਿਵਾਰਕ ਸੂਤਰਾਂ ਮੁਤਾਬਕ ਮਾਤਾ ਕਰਤਾਰ ਕੌਰ ਦਾ ਅੰਤਿਮ ਸਸਕਾਰ 8 ਫਰਵਰੀ ਦਿਨ ਸ਼ਨੀਚਰਵਾਰ ਨੂੰ ਸਵੇਰੇ ਸਾਢੇ 10 ਵਜੇ ਫਿਊਨਰਲ ਹੋਮ, 475 ਬਰਾਡਵੇ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਕੀਤਾ ਗਿਆ ਅਤੇ ਉਸ ਉਪਰੰਤ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਸਾਊਥ ਚੈਰੀ ਐਵੇਨਿਊ ਫਰਿਜ਼ਨੋ (ਕੈਲੇਫੋਰਨੀਆ) 93706 ਵਿਖੇ ਅੰਤਿਮ ਅਰਦਾਸ ਕੀਤੀ ਗਈ। ਮਾਤਾ ਕਰਤਾਰ ਕੌਰ ਜੀ ਨੂੰ ਜਿਹਨਾਂ ਜਿਹਨਾਂ ਸ਼ਰਧਾਂਜਲੀ ਭੇਂਟ ਕੀਤੀ, ਉਹਨਾਂ ਵਿਚ ਸੰਤੋਖ ਸਿੰਘ ਨਰ, ਰਾਜਵੰਤ ਅਬੇਦੀ, ਦੇਸ ਰਾਜ ਬੰਗੜ, ਮਨਪ੍ਰੀਤ ਸਿੰਘ, ਪਰਮਿੰਦਰ ਸਿੰਘ, ਸੁਰਜੀਤ ਕੌਰ, ਸੁਰਜੀਤ ਖਟਕੜ ਬੰਸੀ ਲਾਲ, ਗਿਆਨੀ ਹਰਬਿਲਾਸ ਸਿੰਘ, ਗੁਰਨਾਮ ਸਿੰਘ ਭੰਡਾਰ ਆਦਿ।

ਸ਼ਰਧਾਂਜਲੀ ਦੇਣ ਲਈ ਦੂਰੋਂ ਨੇੜਿਉਂ ਆਉਣ ਵਾਲਿਆਂ ਵਿਚ ਰਾਮ ਪਿਆਰੀ ਅਤੇ ਰੇਸ਼ਮ ਚੰਦ ਇੰਗਲੈਂਡ ਤੋਂ ਅਤੇ ਕੈਨੇਡਾ ਤੋਂ ਅਮਰਜੀਤ ਕੌਰ ਸਿੱਧੂ ਤੇ ਪਿਟਸਬਰਗ ਤੋਂ ਦਸ਼ਵਿੰਦਰ ਪਾਲ ਸਰਪ੍ਰਸਤ (ਆਈ. ਬੀ. ਓ.), ਅਜੇ ਕੁਮਾਰ ਕਟਾਰੀਆ ਅਤੇ ਸਪਤਾਲ ਸੁਰੀਲਾ ਆਦਿ ਨੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸਟੇਜ ਦੀ ਸੇਵਾ ਦੇਸ ਰਾਜ ਬੰਗੜ ਅਤੇ ਸੰਤੋਖ ਸਿੰਘ ਨਰ ਨੇ ਨਿਭਾਈ। ਇਸ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਰਾਮ ਸਿੰਘ ਜੀ ਨੇ ਮਾਤਾ ਕਰਤਾਰ ਕੌਰ ਜੀ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ।

## ਨਾਮ ਜਪਦੀ

ਰਹਾਂ ਜਪਦੀ ਗੁਰੂ ਜੀ ਨਾਮ ਤੇਰਾ, ਦਿਨੇ ਰਾਤੀ ਰਹਾਂ ਜਪਦੀ
ਰਹਾਂ ਜਪਦੀ ਗੁਰੂ ਜੀ ਤੇਰਾ, ਦਿਨੇ ਰਾਤੀ ਰਹਾਂ ਜਪਦੀ
ਹਰ ਸਾਲ ਤੇਰਾ ਜਨਮ ਦਿਨ ਮਨਾਉਂਦੇ
ਅਖੰਡ ਪਾਠ ਦਾ ਭੋਗ ਹੈ ਪਾਉਂਦੇ
ਲੰਗਰ ਪਾਣੀ ਜਨਤਾ ਨੂੰ ਛਕਾਉਂਦੇ
ਕਿਤੇ ਮਾਰ ਕਾਂਸ਼ੀ ਵੱਲ ਗੇੜਾ
ਦਿਨੇ ਰਾਤ ਰਵਾਂ ਜਪਦੀ
ਰਵਾਂ ਜਪਦੀ ਗੁਰੂ ਜੀ ਨਾਮ ਤੇਰਾ
ਦਿਨੇ ਰਾਤ ਰਵਾਂ ਜਪਦੀ।
ਜਲੰਧਰੋਂ ਚਲਦੀ ਤੇਰੇ ਨਾਮ ਦੀ ਗੱਡੀ
ਸੰਗਤ ਹੁੰਦੀ ਏ ਬਹੁਤ ਕੱਠੀ
ਵਿਚ ਗੱਡੀ ਦੇ ਲੰਗਰ ਵੀ ਲੱਗਦਾ
ਹਰ ਪ੍ਰਾਣੀ ਹੈ ਇਸ ਨੂੰ ਛਕਦਾ
ਤੇਰੇ ਨਾਮ ਦਾ ਜੈਕਾਰਾ ਲੱਗਦਾ
ਫਿਰ ਨਿਆਜ ਜਾਂਦੀ ਏ ਵੰਡੀ
ਦਿਨੇ ਰਾਤੀ ਨਾਮ ਜਪਦੀ, ਨਾਮ ਜਪਦੀ
ਗੁਰੂ ਜੀ ਤੇਰਾ..
ਲੁਧਿਆਣੇ ਹੁੰਦੀ ਹੈ ਸੰਗਤ ਜਾਂਦਾ
ਤੇਰੇ ਨਾਮ ਦਾ ਮਿਲਦਾ ਗਰਮ ਪ੍ਰਸ਼ਾਦਾ
ਲੰਗਰ ਪਾਣੀ ਛਕ ਕੇ ਸਾਰੇ
ਚੜ੍ਹ ਜਾਂਦੇ ਨੇ ਤੇਰੇ ਸੇਵਕ ਸਾਰੇ
ਰਾਤੋ ਰਾਤ ਜਾ ਲਾਉਂਦੀ ਸਹਾਰਨਪੁਰ ਡੇਰਾ
ਦਿਨੇ ਰਾਤੀ ਰਵਾਂ ਜਪਦੀ, ਰਵਾਂ ਜਪਦੀ ਗੁਰੂ ਜੀ ਨਾਮ ਤੇਰਾ..
ਬਨਾਰਸ ਜਾਕੇ ਗੱਡੀ ਹੈ ਰੁਕਦੀ



ਦਿਆਲ ਨਰ

ਸੰਗਤ ਰੋਕਿਆਂ ਵੀ ਨਹੀਂ ਹੈ ਰੁਕਦੀ
ਵਾਰੋ ਵਾਰੀ ਬੱਸਾਂ ਚਲਦੀਆਂ
ਤੇਰੀ ਸੰਗਤ ਨਾਲ ਭਰੀਆਂ ਲੱਗਦੀਆਂ
ਜਾ ਕੇ ਸੱਚਖੰਡ ਲਾਹੁੰਦੀਆਂ ਅਸਵਾਰੀ
ਦਿਨੇ ਰਾਤੀ ਰਵਾਂ ਜਪਦੀ, ਰਵਾਂ ਜਪਦੀ ਗੁਰੂ ਜੀ ਨਾਮ ਤੇਰਾ..
ਸੰਗਤ ਲਾਵੇ ਤੇਰੇ ਨਾਮ ਦੇ ਜੈਕਾਰੇ
ਗੁਰੂ ਰਵਿਦਾਸ ਜੀ ਦੇ ਆ ਕੇ ਦੁਆਰੇ
ਦੇਖਣ ਵਾਲੇ ਹੁੰਦੇ ਨਜ਼ਾਰੇ

ਨਰ ਦਿਆਲ ਯੂ. ਐਸ. ਏ. ਤੋਂ ਆਇਆ ਤੇਰੇ ਦੁਆਰੇ
ਪਰਿਵਾਰ ਸਮੇਤ ਸ਼ਰਧਾ ਦੇ ਫੁੱਲ ਚੜ੍ਹਾਵੇ
ਰਹਾਂ ਜਪਦੀ ਗੁਰੂ ਜੀ ਨਾਮ ਤੇਰਾ, ਦਿਨ ਰਾਤੀਂ ਰਵਾਂ ਜਪਦੀ..

## ਕੀ ਕਰੇ ਕੇਜਰੀਵਾਲ !

ਸੱਠਾਂ ਸਾਲਾਂ ਤੋਂ ਲੁੱਟ ਹੈ ਪਾਈ ਹੋਈ,
ਪਾ ਕੇ ਵਾਰੀਆਂ 'ਟਰਮ ਦੀ ਟਰਮ' ਯਾਰੋ।
ਜ਼ਹਿਰਾਂ ਘੋਲ਼ਦੇ ਫਿਰਕਿਆਂ ਵਿੱਚ ਏਦਾਂ,
ਪਾੜੇ ਪਾਉਣ ਲਈ ਵਰਤਦੇ ਧਰਮ ਯਾਰੋ।
ਬੇ-ਸਿਰ ਪੈਰ ਦੀ ਕਰਨ ਬਿਆਨਬਾਜ਼ੀ,
ਝੂਠ ਬਕਦਿਆਂ ਆਵੇ ਨਾ ਸ਼ਰਮ ਯਾਰੋ।
ਵੋਟਾਂ ਵੇਲ਼ੇ ਕਰ ਲੈਂਦੇ ਨੇ ਵੋਟਰਾਂ ਨੂੰ,
ਸਬਜ਼ ਬਾਗ ਦਿਖਾਇ ਕੇ ਨਰਮ ਯਾਰੋ।
ਸਿਆਸੀ ਦਲਾਂ ਨੇ ਪੱਕਾ ਹੀ ਪਾਲ਼ਿਆ ਏ,
ਪਿੰਡ, ਸ਼ਹਿਰ, ਮੁਹੱਲੇ ਦੇ ਵਿੱਚ ਦੱਲਾ ।
ਭ੍ਰਿਸ਼ਟਾਚਾਰ ਦਾ ਹਰ ਜਗਾਹ ਬੋਲ ਬਾਲਾ,
ਕੀ ਕਰੇਗਾ ਕੇਜਰੀਵਾਲ਼ 'ਕੱਲਾ?

**–ਤਰਲੋਚਨ ਸਿੰਘ 'ਦੁਪਾਲ ਪੁਰ'**

# ਗੁਰੂ ਰਵਿਦਾਸ ਜੀ: ਗੁਰੂ ਗ੍ਰੰਥ ਸਾਹਿਬ ਅਨੁਸਾਰ ਗੁਰੂ

ਪ੍ਰੋ: ਲਾਲ ਸਿੰਘ, ਐਡਵੋਕੇਟ

ਅੱਜ ਤੋਂ ਬਾਰ੍ਹਾਂ ਕੁ ਸਾਲ ਪਹਿਲਾਂ ਦੀ ਗੱਲ ਹੈ। ਸ੍ਰੀ ਸੁਖਦੇਵ ਸਿੰਘ, ਵਾਸੀ ਫਰੀਦ ਕੋਟ, ਜ਼ਿਲ੍ਹਾ ਕਚਹਿਰੀ ਫਰੀਦ ਕੋਟ ਵਿਚ ਸ. ਇੰਦਰਜੀਤ ਸਿੰਘ 'ਸੇਖੋਂ" ਖਾਲਸਾ ਨਾਲ ਪ੍ਰੈਕਟਿਸ ਕਰਦੇ ਸਨ। ਗੁਰੂ ਰਵਿਦਾਸ ਜੀ ਦਾ ਜਨਮ ਦਿਨ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਇਕ ਦਿਨ ਸ੍ਰੀ ਸੁਖਦੇਵ ਸਿੰਘ ਮੇਰੇ ਪਾਸ ਆਏ ਅਤੇ ਸੇਖੋਂ ਸਾਹਿਬ ਬਾਰੇ ਦੱਸਿਆ ਕਿ ਉਹ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਸਾਂਝੇ ਰੂਪ ਵਿਚ ਮਨਾਉਣਾ ਚਾਹੁੰਦੇ ਹਨ। ਮੇਰੀ ਰਜ਼ਾਮੰਦੀ ਪਿੱਛੋਂ, ਅਸੀਂ ਦੋਹਾਂ ਨੇ ਮੁਹੱਲੇ ਵਾਲਿਆਂ ਨਾਲ ਮਸ਼ਵਰਾ ਕੀਤਾ- ਉਹਨਾਂ ਨੇ ਸਾਡੀ ਗੱਲ ਸਵੀਕਾਰ ਕਰ ਲਈ।

ਫੈਸਲਾ ਹੋਇਆ ਕਿ ਮੁਹੱਲੇ ਦੇ ਕੁਝ ਪਤਵੰਤੇ ਸੱਜਣ ਗੁਰਦੁਆਰੇ ਵਿਖੇ ਸੇਖੋਂ ਸਾਹਿਬ ਨਾਲ ਵਿਚਾਰ ਕਰਨਗੇ। ਸ਼ਹਿਰ ਨਿਵਾਸੀਆਂ ਨੇ ਮੈਨੂੰ ਆਪਣਾ ਬੁਲਾਰਾ ਥਾਪ ਲਿਆ। ਮਿੱਥੇ ਸਮੇਂ ਤੇ ਵਿਚਾਰ-ਵਟਾਂਦਰਾ ਸ਼ੁਰੂ ਹੋਇਆ। ਸੇਖੋਂ ਸਾਹਿਬ "ਭਗਤ ਰਵਿਦਾਸ'' ਕਹਿ ਰਹੇ ਸਨ, ਮੈਂ 'ਗੁਰੂ ਰਵਿਦਾਸ''। ਗੱਲ ਕੁਝ ਬਣ ਨਹੀਂ ਸੀ ਰਹੀ। ਆਖਰ ਮੈਂ ਸੇਖੋਂ ਸਾਹਿਬ ਨੂੰ ਪ੍ਰਸ਼ਨ ਕਰ ਹੀ ਦਿੱਤਾ:

ਲੇਖਕ: ਤੁਸੀਂ ਗੁਰੂ ਰਵਿਦਾਸ ਨੂੰ 'ਭਗਤ' ਕਿਉਂ ਕਹਿੰਦੇ ਹੋ?

ਸੇਖੋਂ ਸਾਹਿਬ: ਪ੍ਰੋ: ਸਾਹਿਬ, ਜੋ ਵੀ ਕਹਿਣਾ ਹੈ ਉਹ ਤਰਕਯੁਕਤ ਹੋਣਾ ਜ਼ਰੂਰੀ ਹੈ।

ਲੇਖਕ: ਮੈਨੂੰ ਖੁਸ਼ੀ ਹੈ ਸੇਖੋਂ ਸਾਹਿਬ, ਕੋਈ ਸੱਜਣ ਦਲੀਲ ਨਾਲ ਗੱਲ ਕਰਨੀ ਚਾਹੁੰਦਾ ਹੈ। ਗੱਲ ਤਰਕਯੁਕਤ ਹੀ ਹੋਵੇਗੀ।

ਸੇਖੋਂ ਸਾਹਿਬ: ਗੁਰੂ ਗ੍ਰੰਥ ਸਾਹਿਬ ਵਿਚ "ਭਗਤਾਂ ਕੀ ਬਾਣੀ'' ਲਿਖਿਆ ਹੈ। ਇਸ ਲਈ ਗੁਰੂ ਨਹੀਂ ਕਿਹਾ ਜਾ ਸਕਦਾ, ਭਗਤ ਕਹਿਣਾ ਹੀ ਸਹੀ ਹੈ।

ਲੇਖਕ: ਸੇਖੋਂ ਸਾਹਿਬ, ਤੁਸੀਂ ਗੁਰੂ ਗ੍ਰੰਥ ਸਾਹਿਬ ਦਾ ਹਵਾਲਾ ਦੇ ਕੇ 'ਭਗਤ' ਕਹਿਣਾ ਉਚਿਤ ਠਹਿਰਾਇਆ ਹੈ। ਹੁਣ ਮੇਰੀ ਬੇਨਤੀ ਹੈ ਕਿ ਆਪਣੇ ਦ੍ਰਿਸ਼ਟੀਕੋਣ ਨੂੰ ਸਾਬਤ ਕਰਨ ਲਈ, ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀਆਂ ਦਲੀਲਾਂ ਦਾ ਸਹਾਰਾ ਨਾ ਲਿਆ ਜਾਵੇ ਕਿਉਂਕਿ ਬਾਹਰਲੇ ਤੱਥ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਤੋਂ ਉਪਰ ਨਹੀਂ ਹਨ। ਉਹ ਮੇਰੀ ਗੱਲ ਮੰਨ ਗਏ।

ਸੇਖੋਂ ਸਾਹਿਬ, ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਪੰਜਾਬ ਤੋਂ ਬਾਹਰਲੇ ਗੁਰੂਆਂ ਨੂੰ ਤਾਂ 'ਭਗਤ' ਸ਼ਬਦ ਨਾਲ ਸੰਬੋਧਨ ਕਰ ਦਿੱਤਾ ਹੈ, ਫਿਰ ਪੰਜਾਬ ਦੇ ਗੁਰੂਆਂ ਨੂੰ ਕਿਸ ਲਕਵ ਨਾਲ ਸੰਬੋਧਨ ਕੀਤਾ ਹੈ, ਗੁਰੂ ਜਾਂ ਭਗਤ, ਸੇਖੋਂ ਸਾਹਿਬ ਇਸ ਦਾ ਉਤਰ ਨਹੀਂ ਦੇ ਸਕੇ।

ਸੇਖੋਂ ਸਾਹਿਬ: ਇਸ ਦਾ ਮੈਨੂੰ ਨਹੀਂ ਪਤਾ। ਆਪ ਹੀ ਦੱਸੋ।

ਲੇਖਕ: ਗੁਰੂ ਅਰਜਨ ਦੇਵ ਜੀ ਨੇ ਪੰਜਾਬ ਦੇ ਗੁਰੂਆਂ ਨੂੰ ਭਗਤ ਜਾਂ ਗੁਰੂ, ਦੋਹਾਂ ਸ਼ਬਦਾਂ ਨਾਲ ਹੀ ਸੰਬੋਧਨ ਨਹੀਂ ਕੀਤਾ, ਸਗੋਂ ਗੁਰੂ ਗ੍ਰੰਥ ਸਾਹਿਬ ਵਿਚ 'ਮਹਲਾ' ਸ਼ਬਦ ਨਾਲ ਸੰਬੋਧਨ ਕੀਤਾ ਹੈ। ਸੇਖੋਂ ਸਾਹਿਬ: 'ਮਹਲਾ' ਕਿਉਂ ਲਿਖਿਆ ਹੈ? ਪੰਜਾਬ ਵਿਚ ਚੱਲ ਰਹੀ ਗੁਰਗੱਦੀ ਅਨੁਸਾਰ "ਗੁਰੂ'' ਕਿਉਂ ਨਹੀਂ ਲਿਖਿਆ?

ਲੇਖਕ: ਪਹਿਲੀ ਗੱਲ ਮਹਲਾ ਦੇ ਅਰਥ ਹਨ, ਆਮ ਮਨੁੱਖ, ਵਿਅਕਤੀ। ਕਿਉਂਕਿ ਪੰਜਾਬ ਦੇ ਗੁਰੂ ਸਾਹਿਬਾਨ ਨੇ 'ਨਾਨਕ' ਨਾਮ ਹੇਠ ਬਾਣੀ ਦੀ ਰਚਨਾ ਕੀਤੀ ਹੈ, ਇਸ ਕਰਕੇ ਹਰ ਇਕ ਗੁਰੂ ਸਾਹਿਬ ਦੀ ਬਾਣੀ ਨੂੰ ਨਿਖੇੜਨ ਲਈ ਕ੍ਰਮਵਾਰ ਮਹਲਾ- ੧, ੨, ੩, ਆਦਿ ਲਿਖ ਦਿੱਤਾ ਹੈ। ਗੁਰੂ ਨਾਨਕ ਲਈ ਮਹਲਾ-੧, ਗੁਰੂ ਅੰਗਦ ਦੇਵ ਜੀ ਲਈ ਮਹਲਾ-੨ ਆਦਿ ਲਿਖ ਕੇ ਸੰਬੋਧਨ ਕੀਤਾ ਹੈ।

ਦੂਜੇ, ਧਿਆਨ ਦੇ ਕੇ ਸੋਚਣ ਵਾਲੀ ਗੱਲ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਨਿਖੇੜੇ ਲਈ 'ਮਹਲਾ-੧' ਦੀ ਥਾਂ ਤੇ ਗੁਰੂ-੧ ਕਿਉਂ ਨਹੀਂ ਲਿਖਿਆ? ਸੇਖੋਂ ਸਾਹਿਬ, 'ਗੁਰੂ-੧' ਲਿਖਣ ਨਾਲ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਹੋ ਜਾਣੀਆਂ ਸਨ।

1. 'ਗੁਰੂ-੧' ਲਿਖਣ ਨਾਲ ਇਹ ਮਸਲਾ ਖੜ੍ਹਾ ਹੋ ਜਾਣਾ ਸੀ ਕਿ ਕੀ ਇਹ ਗੁਰੂ ਸਾਹਿਬਾਨ ਭਗਤ ਹਨ? ਕਿਉਂਕਿ 'ਭਗਤ' ਬਣਨ ਤੋਂ ਬਿਨਾਂ, ਕੋਈ ਵੀ ਗੁਰੂ ਨਹੀਂ ਬਣ ਸਕਦਾ।

2. ਪੰਜਾਬ ਦੇ ਗੁਰੂਆਂ ਨੂੰ ਗੁਰੂ ਲਿਖਣ ਨਾਲ ਉਹਨਾਂ ਦੀ ਪਦਵੀ ਦੂਜੇ ਦਰਜੇ ਦੀ ਬਣ ਜਾਣੀ ਸੀ ਕਿਉਂਕਿ ਗੁਰੂ ਨਾਲੋਂ ਭਗਤ ਦਾ ਦਰਜਾ ਯਕੀਨਨ ਹਰ ਪੱਖੋਂ ਉੱਚਾ ਹੈ। ਇਸ ਨਾਲ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਬਰਾਬਰੀ ਦਾ ਸਿਧਾਂਤ ਤਬਾਹ ਹੋ ਜਾਣਾ ਸੀ।

3. ਜੇਕਰ ਪੰਜਾਬ ਦੀ ਗੁਰ-ਗੱਦੀ ਨੂੰ ਕਾਇਮ ਰੱਖਿਆ ਜਾਂਦਾ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਦੂਜੇ ਮਹਾਂਪੁਰਸ਼ਾਂ ਨੂੰ ਇਸ ਗੁਰ-ਪ੍ਰਣਾਲੀ ਵਿਚ ਕਰਮਵਾਰ ਪਹਿਲਾਂ ਤੇ ਪਿੱਛੋਂ ਦਾ ਸਥਾਨ ਕਿਵੇਂ ਨਿਸ਼ਚਿਤ ਕੀਤਾ ਜਾਂਦਾ? ਸਾਡੀ ਜਾਚੇ, ਇਹ ਕਰਮ ਮਹਾਂਪੁਰਸ਼ਾਂ ਦੀ ਜਨਮ ਤਿਥੀ ਤੋਂ ਹੀ ਆਰੰਭ ਕਰਨਾ ਨਿਆਂ-ਪੂਰਣ ਹੋ ਸਕਦਾ ਸੀ ਕਿਉਂਕਿ ਪੰਦਰਵੀਂ ਸਦੀ ਵਿਚ ਜੰਮਿਆਂ ਮਹਾਂਪੁਰਸ਼ ਬਾਰ੍ਹਵੀਂ ਸਦੀ ਵਿਚ ਜੰਮੇ ਮਹਾਂਪੁਰਸ਼ ਦਾ ਗੁਰੂ ਨਹੀਂ ਬਣ ਸਕਦਾ, ਭਾਵ ਗੁਰੂ ਨਾਨਕ ਦੇਵ ਜੀ, ਬਾਬਾ ਫਰੀਦ ਜੀ ਦੇ ਗੁਰੂ ਨਹੀਂ ਬਣ ਸਕਦੇ।

4. ਅਨੇਕਾਂ ਗੁਰੂਆਂ ਅਤੇ ਭਗਤਾਂ ਦੇ ਹੋਣ ਕਾਰਨ, ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ-ਵਿਚਾਰਧਾਰਾ ਨਹੀਂ ਸੀ ਪੁੰਗਰ ਸਕਣੀ। ਇਸ ਤਰ੍ਹਾਂ ਇਹ ਵਿਸ਼ਵ-ਵਿਆਪੀ ਵਿਚਾਰਧਾਰਾ ਟੋਟੇ ਟੋਟੇ ਹੋ ਜਾਣੀ ਸੀ। ਇਹ "ਮਹਾਂਮਾਰੀ'' ਵਾਲੀ ਦੁਰਘਟਨਾ ਤੋਂ ਬਚਾਉਣ ਲਈ ਹੀ ਗੁਰੂ ਅਰਜਨ ਦੇਵ ਜੀ ਨੇ 'ਮਹਲਾ-1 ਲਿਖਿਆ ਹੈ, 'ਗੁਰੂ-੧' ਨਹੀਂ। ਇਸ ਵਿਸ਼ਵ ਵਿਆਪੀ ਵਿਚਾਰਧਾਰਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦੇ ਕੇ ਹੋਰ ਵੀ ਦ੍ਰਿੜ੍ਹ ਅਤੇ ਪਰਪੱਕ ਬਣਾ ਦਿੱਤਾ।

ਇਸ ਕ੍ਰਾਂਤੀਕਾਰੀ ਚਮਤਕਾਰ ਨੇ ਤਿੰਨ ਮਹੱਤਵਪੂਰਨ ਸੰਕਲਪਾਂ ਨੂੰ ਮਹੱਤਵਪੂਰਨ ਬਣਾ ਦਿੱਤਾ ਹੈ।

(ੳ) ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਸਾਰੇ ਮਹਾਂਪੁਰਸ਼ ਭਗਤ ਹੋਣ ਕਰਕੇ ਬ੍ਰਹਮ-ਗਿਆਨੀ ਹਨ ਅਤੇ ਸਭ ਦਾ 'ਗੁਰੂ' ਬ੍ਰਹਮ-ਗੁਰੂ ਹੈ ਭਾਵ ਪਰਮਾਤਮਾ ਹੈ।

(ਅ) ਸਾਰੇ ਮਹਾਂਪੁਰਸ਼ਾਂ ਦਾ ਗੁਰੂ, ਬ੍ਰਹਮ-ਗੁਰੂ ਹੋਣ ਕਰਕੇ, ਸਾਰੇ ਹੀ ਮਹਾਂਪੁਰਸ਼ ਗੁਰ-ਭਾਈ ਹਨ ਇਸ ਨਾਲ ਵਿਸ਼ਵ-ਵਿਆਪੀ ਗੁਰ-ਭਾਈ ਭਾਈਚਾਰਾ ਪ੍ਰਵਾਨਿਤ ਹੋ ਗਿਆ ਹੈ।

(ੲ) ਇਸ ਗੁਰ-ਭਾਈ ਭਾਈਚਾਰੇ ਸਦਕਾ ਹੀ ਵਿਸ਼ਵ-ਵਿਆਪੀ ਵਿਚਾਰਧਾਰਾ ਦਾ ਸੰਕਲਪ ਦ੍ਰਿੜ੍ਹ ਹੋ ਸਕਿਆ ਹੈ।



ਇਹੋ ਕਾਰਨ ਸਨ ਜਿਸ ਕਰਕੇ ਗੁਰੂ ਅਰਜਨ ਦੇਵ ਜੀ ਨੇ 'ਗੁਰੂ' ਨਹੀਂ ਲਿਖਿਆ ਸਗੋਂ 'ਮਹਲਾ' ਲਿਖਿਆ ਹੈ।

ਸੋ ਗੁਰੂ ਅਰਜਨ ਦੇਵ ਜੀ ਨੇ ਪੰਜਾਬ ਦੇ ਗੁਰੂ ਸਾਹਿਬਾਨ ਨੂੰ ਭਗਤ ਨਹੀਂ ਲਿਖਿਆ ਕੇਵਲ ਵਿਅਕਤੀ ਹੀ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਜੋ ਕੁਝ ਉਚਾਰਿਆ, ਉਹੋ ਕੁਝ ਹੀ ਬਾਕੀ ਗੁਰੂ ਸਾਹਿਬਾਨ ਨੇ ਵੀ ਉਚਾਰਿਆ ਹੈ। ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ 'ਮਨੁੱਖ, ਸ਼ਾਇਰ, ਨੀਚ' ਆਦਿ ਨਾਲ ਸੰਬੋਧਨ ਕਰਦੇ ਹਨ ਫਿਰ ਸੇਖੋਂ ਸਾਹਿਬ, ਪੰਜਾਬ ਦੇ ਮਹਾਂਪੁਰਸ਼ਾਂ ਨੂੰ 'ਮਹਲਾ', 'ਸ਼ਾਇਰ', 'ਨੀਚ' ਕੀ ਕਹਿ ਕੇ ਸੰਬੋਧਨ ਕੀਤਾ ਜਾਵੇ?

ਸੇਖੋਂ ਸਾਹਿਬ: ਤੁਸੀਂ ਕਹਿਣਾ ਕੀ ਚਾਹੁੰਦੇ ਹੋ?

ਲੇਖਕ: ਮੈਂ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਮਹਾਂਪੁਰਸ਼ਾਂ ਨੂੰ 'ਭਗਤ' ਲਿਖਣਾ ਅਤੇ ਕਹਿਣਾ ਗਲਤ ਹੈ।

ਸ. ਇੰਦਰਜੀਤ ਸਿੰਘ ਸੇਖੋਂ ਮੇਰੇ ਤਰਕ ਨੂੰ ਮੰਨ ਗਏ ਅਤੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਤੇ ਉਹਨਾਂ ਨੇ 'ਭਗਤ' ਨਹੀਂ ਗੁਰੂ ਕਹਿ ਕੇ ਗੁਰੂ ਰਵਿਦਾਸ ਜੀ ਨੂੰ ਸੰਬੋਧਨ ਕੀਤਾ। ਉਹਨਾਂ ਨੇ ਇਸ ਸਬੰਧੀ ਹੋਰ ਜਾਣਕਾਰੀ ਦੀ ਇੱਛਾ ਪ੍ਰਗਟ ਕੀਤੀ। ਹੁਣ ਉਹ ਪ੍ਰਸ਼ਨ ਨਹੀਂ ਸਨ ਕਰ ਰਹੇ ਸਗੋਂ ਸ਼ੰਕੇ ਨਿਵਾਰਣ ਲਈ ਕੁਝ ਨਾ ਕੁਝ ਸਪੱਸ਼ਟੀਕਰਨ ਲਈ ਜ਼ਰੂਰ ਪੁੱਛ ਲੈਂਦੇ ਸਨ।

ਹੁਣ ਅਸੀਂ ਇਸ ਵਾਰਤਾਲਾਪ ਤੋਂ ਅੱਗੇ ਚਰਚਾ ਕਰਦੇ ਹਾਂ। ਇਹ ਗੁਰੂ ਅਰਜਨ ਦੇਵ ਜੀ ਦੀ ਦੂਰ ਦ੍ਰਿਸ਼ਟੀ ਹੀ ਸੀ ਕਿ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਨੂੰ ਵੀ 'ਗੁਰੂ' ਕਹਿ ਕੇ ਨਹੀਂ ਨਿਵਾਜਿਆ। ਉਹ 'ਗੁਰੂ' ਅਤੇ 'ਭਗਤ' ਦੇ ਸਿਧਾਂਤਕ ਅੰਤਰ ਨੂੰ ਜਾਣਦੇ ਸਨ ਅਤੇ ਇਹਨਾਂ ਸ਼ਬਦਾਂ ਦੇ ਅਰਥਾਂ ਤੋਂ ਭਲੀ ਭਾਂਤ ਜਾਣੂ ਸਨ।

ਭਗਤ ਅਤੇ ਗੁਰੂ ਨੂੰ ਪਰਿਭਾਸ਼ਿਤ ਕਰਨ ਨਾਲ ਇਹਨਾਂ ਸੰਕਲਪਾਂ ਦੇ ਮਹੱਤਵ ਨੂੰ ਸਮਝਣਾ ਭਾਵ ਪੂਰਤ ਬਣ ਜਾਵੇਗਾ।

(ੳ) ਜਦੋਂ ਸਾਧਕ ਪ੍ਰਭ ਭਗਤੀ ਕਰਦਾ ਹੋਇਆ, ਦੁਨੀਆਂ ਤੋਂ ਬੇਖ਼ਬਰ, ਆਪਣੇ ਪ੍ਰਭ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਉਹ ਬ੍ਰਹਮ-ਗਿਆਨ ਨਾਲ ਭਰਪੂਰ ਭਗਤ/ਸੰਤ ਹੋ ਨਿੱਬੜਦਾ ਹੈ। ਗੁਰੂ ਰਵਿਦਾਸ ਜੀ ਦਾ ਕਥਨ ਹੈ:

1. ਸੰਤ ਅਨੰਤਹਿ ਅੰਤਰ ਨਾਹੀ॥
2. ਬ੍ਰਹਮ-ਗਿਆਨੀ ਆਪ ਪ੍ਰਮੇਸ਼ਵਰ॥

(ਸੁਖਮਨੀ- ਮ: ੫)

(ਅ) ਜਦੋਂ ਬ੍ਰਹਮ-ਗਿਆਨ ਨਾਲ ਭਰਪੂਰ, ਭਗਤ ਸਮਾਜ ਨੂੰ ਬ੍ਰਹਮ ਉਪਦੇਸ਼ ਦਿੰਦਾ ਹੈ ਤਾਂ ਉਹ ਗੁਰੂ ਹੋ ਨਿੱਬੜਦਾ ਹੈ। ਸੋ ਗੁਰੂ ਬਣਨ ਲਈ ਇਕੋ ਇਕ ਯੋਗਤਾ ਬ੍ਰਹਮ-ਗਿਆਨੀ ਹੋਣਾ ਹੈ।

ਉਪਰੋਕਤ ਚਰਚਾ ਤੋਂ ਦੋ ਮਹੱਤਵਪੂਰਨ ਨੁਕਤੇ ਸਪਸ਼ਟ ਹੁੰਦੇ ਹਨ:

(ਕ) ਭਗਤ ਦੀ ਪਦਵੀ ਲਈ ਪ੍ਰਭ ਪ੍ਰਾਪਤੀ ਜ਼ਰੂਰੀ ਹੈ। ਪ੍ਰਭ ਪ੍ਰਾਪਤੀ ਹੀ ਬ੍ਰਹਮ-ਗਿਆਨ ਦੀ ਪ੍ਰਾਪਤੀ ਹੈ।

(ਖ) ਗੁਰੂ ਦੀ ਪਦਵੀ ਲਈ ਬ੍ਰਹਮ-ਗਿਆਨ ਜ਼ਰੂਰੀ ਹੈ।

ਸਿੱਖ-ਜਗਤ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਪੰਜਾਬ ਦੇ ਗੁਰੂ ਸਾਹਿਬਾਨ ਨੂੰ 'ਗੁਰੂ' ਕਹਿਣ ਵਿਚ ਫ਼ਖ਼ਰ ਸਮਝਦਾ ਹੈ ਅਤੇ ਬਾਹਰਲੇ (ਗੁਰੂਆਂ) ਨੂੰ ਭਗਤ ਕਹਿਣ ਵਿਚ ਮਾਣ ਸਮਝਦਾ ਹੈ। ਕੀ ਸਿੱਖ ਜਗਤ ਦੇ ਵਿਦਵਾਨ ਇਹ ਕਹਿਣਾ ਚਾਹੁੰਦੇ ਹਨ ਕਿ ਪੰਜਾਬ ਦੇ ਗੁਰੂ ਸਾਹਿਬਾਨ ਭਗਤ ਨਹੀਂ ਸਨ ਅਤੇ ਨਾ ਹੀ ਬ੍ਰਹਮ-ਗਿਆਨੀ? ਇਹਨਾਂ ਵਿਦਵਾਨਾਂ ਅਨੁਸਾਰ, ਉਪਰੋਕਤ ਪਰਿਭਾਸ਼ਾ ਦੇ ਆਧਾਰ ਤੇ ਪੰਜਾਬ ਦੇ ਗੁਰੂ ਸਾਹਿਬਾਨ 'ਗੁਰੂ ਪਦਵੀ ਦੇ ਹੱਕਦਾਰ ਹੀ ਨਹੀਂ ਅਤੇ ਨਾ ਹੀ ਉਹ ਗੁਰੂ ਬਣਨ ਦੇ ਯੋਗ ਹਨ। ਨਿਰਣਾ ਸੁਭਾਵਿਕ ਹੈ ਕਿਉਂਕਿ ਉਹ ਭਗਤ ਨਹੀਂ ਸਨ, ਇਸ ਕਰਕੇ ਗੁਰੂ ਨਹੀਂ ਬਣ ਸਕਦੇ। ਪਰ ਗੁਰੂ ਸਾਹਿਬਾਨ ਦੀ ਬਾਣੀ ਪੁਕਾਰ ਪੁਕਾਰ ਕੇ ਫੁਰਮਾ ਰਹੀ ਹੈ ਕਿ ਭਗਤ ਸਨ, ਬ੍ਰਹਮ ਗਿਆਨੀ ਸਨ।

ਦੂਜੇ, ਪੰਜਾਬ ਤੋਂ ਬਾਹਰਲੇ, ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ, ਮਹਾਂਪੁਰਸ਼ਾਂ ਨੂੰ ਤਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਇਕੱਤਰ ਕਰਨ ਵੇਲੇ ਅਤੇ ਗੁਰੂ ਅਰਜਣ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ -ਭਗਤ ਪ੍ਰਵਾਨ ਕਰ ਲਿਆ ਸੀ।

ਸੋ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਸਾਰੇ ਮਹਾਂਪੁਰਸ਼ ਭਗਤ ਹਨ ਅਤੇ ਬ੍ਰਹਮ ਗਿਆਨੀ ਵੀ। ਹੁਣ ਇਕ ਬੜਾ ਮਹੱਤਵਪੂਰਨ ਪ੍ਰਸ਼ਨ ਉਠਦਾ ਹੈ। ਗੁਰੂ ਅਰਜਨ ਦੇਵ ਜੀ ਨੇ ਲਫਜ਼ 'ਭਗਤ' ਦੀ ਵਰਤੋਂ ਜਾਣ ਬੁੱਝ ਕੇ ਕੀਤੀ ਹੈ, ਇਸ ਦਾ ਕੀ ਕਾਰਨ ਹੈ?

(ੳ) ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਮਹਾਂਪੁਰਸ਼ਾਂ ਨੂੰ ਦੁਨੀਆਂ ਦੇ ਸਭ ਤੋਂ ਉੱਚਤਮ ਸਤਿਕਾਰ ਨਾਲ ਨਿਵਾਜਣਾ ਚਾਹੁੰਦੇ ਸਨ। 'ਭਗਤ' ਲਫਜ਼ ਤੋਂ ਬਿਨਾਂ ਹੋਰ ਅਜਿਹਾ ਸ਼ਬਦ ਨਹੀਂ ਹੈ ਜਿਹੜਾ ਮਹਾਂਪੁਰਸ਼ਾਂ ਦੇ ਸਤਿਕਾਰ ਲਈ ਢੁਕਵਾਂ ਹੋਵੇ। 'ਭਗਤ' ਪਦਵੀ ਹੀ ਕਿਸੇ ਮਹਾਂਪੁਰਸ਼ ਲਈ ਸਭ ਤੋਂ ਉੱਚਤਮ ਪਦਵੀ ਹੈ।

(ਅ) ਇਹ ਪਦਵੀ ਪ੍ਰਦਾਨ ਕਰਨ ਪਿੱਛੋਂ ਵੀ ਗੁਰੂ ਅਰਜਨ ਦੇਵ ਜੀ ਦਾ ਇਕ ਮਹਾਨ ਉਦੇਸ਼ ਸੀ। ਸਿੱਖ ਜਗਤ ਦੇ ਬੁੱਧੀਜੀਵੀ ਅਤੇ ਵਿਦਵਾਨ ਜਾਣਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਹਰ ਧਰਮ ਹਰ ਜਾਤ ਦੇ ਮਹਾਂਪੁਰਸ਼ਾਂ ਦੀ ਬਾਣੀ, ਬਿਨਾਂ ਕਿਸੇ ਮਤਭੇਦ ਦੇ ਦਰਜ ਕੀਤੀ ਗਈ ਹੈ। ਜਿਸ ਦਾ ਉਦੇਸ਼ ਵਿਸ਼ਵ ਵਿਚਾਰਧਾਰਾ ਪ੍ਰਦਾਨ ਕਰਕੇ ਵਿਸ਼ਵ ਭਾਈਚਾਰੇ ਦੀ ਸਿਰਜਣਾ ਕਰਨਾ ਹੈ। ਸੋ ਵਿਸ਼ਵ ਭਾਈਚਾਰੇ ਦੀ ਸਿਰਜਣਾ ਲਈ ਵਿਸ਼ਵ-ਵਿਚਾਰਧਾਰਾ ਸਿਰਜਣ ਵਿਚ ਇਨ੍ਹਾਂ ਭਗਤਾਂ ਦਾ ਮਹੱਤਵਪੂਰਨ ਹਿੱਸਾ ਹੈ। ਇਸ ਦੀ ਸਿਰਜਣਾ ਤਾਂ ਹੀ ਹੋ ਸਕਦੀ ਹੈ ਜੇਕਰ ਇਸ ਦੇ ਸਿਰਜਣਹਾਰ ਵੀ ਇਕ ਭਾਈਚਾਰੇ ਵਿਚ ਬੱਝੇ ਹੋਣ।

(ੲ) ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਸਿਰਜਣਹਾਰਾਂ ਦਾ ਭਾਈਚਾਰਾ ਵੀ ਤਾਂ ਹੀ ਸਾਰਥਕ ਅਤੇ ਪਰਪੱਕ ਹੋ ਸਕਦਾ ਹੈ ਜੇਕਰ ਇਸ ਵਿਚਾਰਧਾਰਾ ਦਾ ਆਧਾਰ ਵੀ ਇਕ ਸ੍ਰੋਤ ਹੀ ਹੋਵੇ। ਗੁਰੂ ਅਰਜਨ ਦੇਵ ਜੀ ਨੇ ਇਸ ਮੰਤਵ ਲਈ 'ਭਗਤ-ਭਾਈਚਾਰਾ' ਦੀ ਸਿਰਜਣਾ ਕੀਤੀ। ਦੂਜੇ ਅਰਥਾਂ ਵਿਚ ਇਹ ਸਾਰੇ ਮਹਾਂਪੁਰਸ਼ ਗੁਰ-ਭਾਈ ਬਣ ਗਏ ਕਿਉਂਕਿ ਇਹਨਾਂ ਸਭ ਦਾ ਗੁਰੂ ਪਾਰਬ੍ਰਹਮ ਹੈ। ਬ੍ਰਹਮ-ਗੁਰੂ ਤੋਂ ਬ੍ਰਹਮ-ਗਿਆਨ ਪ੍ਰਾਪਤ ਕਰ ਇਨ੍ਹਾਂ, ਮਹਾਂਪੁਰਸ਼ਾਂ ਨੇ 'ਧੁਰ ਕੀ ਬਾਣੀ ਆਈ' ਦੀ ਸਿਰਜਣਾ ਕੀਤੀ।

ਸੋ ਸਿੱਟਾ ਅਚੁੱਕ ਅਤੇ ਸਪੱਸ਼ਟ ਹੈ: ਸਾਰੇ ਮਹਾਂਪੁਰਸ਼ਾਂ ਦਾ ਗੁਰੂ, ਬ੍ਰਹਮ-ਗੁਰੂ ਹੈ, ਇਸ ਕਰਕੇ ਸਾਰੇ ਗੁਰ-ਭਾਈ ਹਨ।

ਜਦੋਂ ਗੁਰੂ ਅਰਜਨ ਦੇਵ ਜੀ 'ਭਗਤ' ਲਿਖਦੇ ਹਨ ਤਾਂ ਉਹ ਆਪਣੇ ਗੁਰ-ਭਾਈ ਨੂੰ ਸੰਬੋਧਨ ਕਰਦੇ ਹਨ। ਜਦੋਂ ਸਿੱਖ ਜਗਤ ਦੇ ਵਿਦਵਾਨ ਗੁਰੂ ਰਵਿਦਾਸ ਨੂੰ 'ਭਗਤ ਰਵਿਦਾਸ' ਲਿਖਦੇ ਹਨ ਅਤੇ ਕੀਰਤਨ ਸਮੇਂ ਰਾਗੀ ਸਿੰਘ 'ਭਗਤ' ਲਫਜ਼ ਨਾਲ ਸੰਬੋਧਨ ਕਰਦੇ ਹਨ, ਕੀ ਉਹ ਵੀ ਆਪਣੇ ਗੁਰ-ਭਾਈ ਨੂੰ ਸੰਬੋਧਨ ਕਰ ਰਹੇ ਹੁੰਦੇ ਹਨ? ਜਦਕਿ ਗੁਰੂ ਰਵਿਦਾਸ- ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਗੁਰ-ਭਾਈ ਵੀ ਹਨ। ਕੀ ਸਿੱਖ-ਜਗਤ ਇਹ ਪ੍ਰਵਾਨ ਕਰੇਗਾ ਕਿ ਗੁਰੂ ਨਾਨਕ, ਗੁਰੂ ਅਰਜਨ, ਹਰ ਇਕ ਸਿੱਖ ਦੇ 'ਭਾਈ' ਹਨ? ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਇਕ ਵੀ ਸਿੱਖ ਅਜਿਹਾ ਪਾਗਲਪਣ ਨਹੀਂ ਕਰੇਗਾ।

ਫਿਰ ਗੁਰੂ ਰਵਿਦਾਸ ਨੂੰ ਭਾਈ ਕਹਿਣ ਦਾ ਪਾਗਲਪਣ ਕਿਉਂ ਹੈ? ਕੀ ਇਹ ਗੁਰੂ ਨਾਨਕ, ਗੁਰੂ ਅਰਜਨ ਆਦਿ ਦੀ ਹੁਕਮ ਅਦੂਲੀ ਨਹੀਂ ਹੈ?

ਦੂਜੀ ਗੱਲ, ਜਦੋਂ ਅਸੀਂ ਦਲੀਲ ਦਿੰਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ 'ਭਗਤਾ ਕੀ ਬਾਣੀ' ਲਿਖਿਆ ਹੈ, ਇਸ ਲਈ ਅਸੀਂ ਭਗਤ ਰਵਿਦਾਸ ਕਹਿੰਦੇ ਹਾਂ, ਉਦੋਂ ਅਸੀਂ ਗੁਰੂ ਅਰਜਨ ਦੇਵ ਜੀ ਬਣ ਜਾਂਦੇ ਹਾਂ, ਉਹਨਾਂ ਦੇ ਭਾਈ ਬਣ ਜਾਂਦੇ ਹਾਂ। ਪਰ ਇਹ ਤਾਂ ਘੋਰ ਅਨਰਥ ਹੈ, ਇਸ ਲਈ ਗੁਰੂ ਰਵਿਦਾਸ ਜੀ ਨੂੰ ਭਗਤ ਕਹਿਣਾ ਵੀ ਘੋਰ ਅਨਰਥ ਹੈ ਕਿਉਂਕਿ ਗੁਰੂ ਰਵਿਦਾਸ ਅਤੇ ਗੁਰੂ ਅਰਜਨ ਦੇਵ ਜੀ ਗੁਰੂ ਭਾਈ ਹਨ। ਸੋ ਗੁਰੂ ਰਵਿਦਾਸ ਜੀ ਨੂੰ ਗੁਰੂ ਕਹਿਣਾ ਹੀ ਸਹੀ ਹੈ।

ਵਿਸ਼ਵ ਭਾਈਚਾਰੇ ਦਾ ਆਧਾਰ ਵਿਸ਼ਵ-ਵਿਚਾਰਧਾਰਾ ਹੈ ਅਤੇ ਵਿਸ਼ਵ ਵਿਚਾਰਧਾਰਾ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਹੈ। ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਆਧਾਰ ਇਸ ਵਿਚ ਬਿਰਾਜਮਾਨ ਮਹਾਂਪੁਰਸ਼ਾਂ ਦਾ ਗੁਰ-ਭਾਈ ਭਾਈਚਾਰਾ ਹੈ। ਸੋ ਵਿਸ਼ਵ-ਭਾਈਚਾਰੇ ਦਾ ਆਧਾਰ ਸਹੀ ਅਰਥਾਂ ਵਿਚ ਗੁਰ ਭਾਈ ਭਾਈਚਾਰਾ ਹੀ ਹੈ।

ਵਿਸ਼ਵ ਭਾਈਚਾਰੇ ਦਾ ਆਧਾਰ ਗੁਰ-ਭਾਈ ਭਾਈਚਾਰੇ ਦੇ ਇਸ ਮਹਾਨ ਸੰਕਲਪ ਨੂੰ ਹੋਰ ਦ੍ਰਿੜ੍ਹ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਵਿਚਾਰਧਾਰਾਈ ਆਧਾਰ ਨੂੰ ਪੱਕੇ ਤੌਰ ਤੇ ਪਰਪੱਕ ਕਰਨ ਲਈ ਉਨ੍ਹਾਂ ਨੇ ਮੂਲ ਮੰਤਰ ਨਾਲ ਤਿੰਨ ਬ੍ਰਹਮ-ਗਿਆਨੀ ਚਿੰਤਕਾਂ ਦੇ ਨਾਮ ਅੰਕਿਤ ਕੀਤੇ ਹਨ:

"ਰਾਗ ਆਸਾ''

੧ੳ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਰਾਗ ਆਸਾ ਬਾਣੀ ਭਗਤਾ ਕੀ ਕਬੀਰ ਜੀਉ ਨਾਮਦੇਵ ਜੀਉ ਰਵਿਦਾਸ ਜੀਉ॥ ਆਸਾ ਸ੍ਰੀ ਕਬੀਰ ਜੀਉ॥

ਰਾਗ ਆਸਾ ਵਿਚ ਮੂਲ ਮੰਤਰ ਦੀ ਤਰਤੀਬ ਅਨੁਸਾਰ ਰਾਗ ਆਸਾ ਦੇ ਆਰੰਭ ਵਿਚ ਪੂਰਾ ਮੂਲ ਮੰਤਰ ਅੰਕਿਤ ਹੈ, ਫਿਰ ਆਸਾ ਦੀ ਵਾਰ ਦੇ ਆਰੰਭ ਵਿਚ ਪੂਰਾ ਮੂਲ ਮੰਤਰ ਹੈ ਅਤੇ ਫਿਰ ਰਾਗ ਆਸਾ ਵਿਚ "ਭਗਤਾ ਕੀ ਬਾਣੀ'' ਦੇ ਅਰੰਭ ਵਿਚ ਪੂਰਾ ਮੂਲ ਮੰਤਰ ਹੈ।

ਵਿਦਵਾਨ ਖੋਜੀਆਂ ਲਈ ਖੋਜ ਦਾ ਅਤਿ ਮਹੱਤਵਪੂਰਨ ਤੱਥ ਇਹ ਹੈ ਕਿ ਇਨ੍ਹਾਂ ਤਿੰਨ ਬ੍ਰਹਮ ਗਿਆਨੀ ਚਿੰਤਕਾਂ ਤੋਂ ਬਿਨਾਂ ਕਿਸੇ ਵੀ ਹੋਰ ਬ੍ਰਹਮ ਗਿਆਨੀ ਚਿੰਤਕ ਦਾ ਨਾਮ ਮੂਲ-ਮੰਤਰ ਨਾਲ ਅੰਕਿਤ ਨਹੀਂ ਕੀਤਾ ਗਿਆ। ਅਜਿਹਾ ਕਿਉਂ? ਸਾਡਾ ਮੰਨਣਾ ਹੈ ਕਿ ਇਨ੍ਹਾਂ ਤਿੰਨ ਮਹਾਨ ਬ੍ਰਹਮ-ਗਿਆਨੀ ਚਿੰਤਕਾਂ ਦਾ ਉਲੇਖ ਇਸ ਗੱਲ ਦਾ ਪ੍ਰਮਾਣ ਹੈ ਕਿ ਇਨ੍ਹਾਂ ਮਹਾਂਪੁਰਸ਼ਾਂ ਦੀ ਮੂਲ ਮੰਤਰ ਨਾਲ ਡੂੰਘੀ ਸਾਂਝ ਅਤੇ ਅਟੁੱਟ ਸਬੰਧ ਹੈ ਕਿਉਂਕਿ ਇਨ੍ਹਾਂ ਤਿੰਨਾਂ ਚਿੰਤਕਾਂ ਦੀ ਬਾਣੀ ਵਿਚ ਮੂਲ ਮੰਤਰ ਦੇ ਸਾਰੇ ਦੇ ਸਾਰੇ ਬ੍ਰਹਮ ਤੱਤਾਂ ਦੀ ਸਿਰਜਣਾ ਉਪਲਬਧ ਹੈ। ਬਾਕੀ ਦੇ ਬ੍ਰਹਮ ਗਿਆਨੀ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ "ਭਗਤਾ ਕੀ ਬਾਣੀ'' ਦੇ ਸਿਰਲੇਖ ਹੇਠ ਦਰਜ ਹੈ- ਚਾਰ ਤੋਂ ਵੱਧ ਸ਼ਬਦ ਕਿਸੇ ਦੇ ਵੀ ਦਰਜ ਨਹੀਂ ਹਨ। ਇਨ੍ਹਾਂ ਨਾਲ ਮੂਲ-ਮੰਤਰ ਵਿਚ ਸਿਰਜੇ ਬ੍ਰਹਮ ਦੇ ਸਰੂਪ ਨੂੰ ਪੂਰਨ ਰੂਪ ਵਿਚ ਨਹੀਂ ਸਿਰਜਿਆ ਜਾ ਸਕਦਾ। ਇਸ ਕਰਕੇ ਇਨ੍ਹਾਂ ਦਾ ਨਾਮ ਮੂਲ ਮੰਤਰ ਨਾਲ ਅੰਕਿਤ ਨਹੀਂ ਕੀਤਾ ਗਿਆ। ਜਦਕਿ ਉਪਰੋਕਤ ਤਿੰਨ ਮਹਾਂਪੁਰਸ਼ਾਂ ਪਿੱਛੋਂ ਰਾਗ ਆਸਾ ਵਿਚ ਗੁਰੂ ਧੰਨਾ ਅਤੇ ਬਾਬਾ ਫਰੀਦ ਦੀ ਬਾਣੀ ਵੀ ਦਰਜ ਹੈ।

ਸੋ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਦੇ ਸਰੂਪ ਦੀ ਸਿਰਜਣਾ ਨੂੰ ਸਰਵ ਸਾਂਝੀ ਰੰਗਤ ਦੇ ਕੇ ਗੁਰ-ਭਾਈ ਭਾਈਚਾਰੇ ਨੂੰ ਸਦੀਵੀ ਦ੍ਰਿੜ੍ਹਤਾ ਪ੍ਰਦਾਨ ਕੀਤੀ ਹੈ।

ਡਾ: ਲੇਖ ਰਾਜ ਪ੍ਰਵਾਨਾ ਮੂਲ ਮੰਤਰ ਦੀ ਰਚਨਾ ਬਾਰੇ ਇਕ ਹੋਰ ਨਜ਼ਰੀਏ ਤੋਂ ਵਿਚਾਰ ਕਰਦੇ ਹਨ। ਉਸ ਨਜ਼ਰੀਏ ਤੋਂ ਵੀ ਉਸ ਦੀ ਬੁਨਿਆਦ ਗੁਰ-ਭਾਈ ਭਾਈਚਾਰੇ ਦੀ ਸਿਰਜਣਾ ਦਾ ਸੰਕਲਪ ਹੀ ਬਣਦਾ ਹੈ। ਡਾ: ਪ੍ਰਵਾਨਾ ਦਾ ਨਿਰਣਾ ਸਾਡੇ ਵਿਚਾਰ ਨੂੰ ਹੋਰ ਦ੍ਰਿੜ੍ਹ ਕਰਦਾ ਹੈ। ਉਹ ਲਿਖਦੇ ਹਨ:

"ਦੂਜੀ ਗੋਸ਼ਟੀ ਬਾਬਾ ਜੀ (ਗੁਰੂ ਨਾਨਕ) ਨਾਲ ਸੰਤ ਰਵਿਦਾਸ ਜੀ ਦੀ ਉਸ ਸਮੇਂ ਹੋਈ ਜਦੋਂ ਸੰਤ ਰਵਿਦਾਸ ਆਪਦੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ ਕਰਦੇ ਬਾਰ੍ਹਾਂ ਵਰ੍ਹੇ ਬਾਅਦ ਦੁਬਾਰਾ ਪੰਜਾਬ ਆਏ ਸਨ। ਆਪਣੇ ਮਿੱਤਰਾਂ, ਸ਼ਰਧਾਲੂਆਂ, ਸੰਤਾਂ, ਭਗਤਾਂ ਨੂੰ ਮਿਲਦੇ ਮਿਲਾਂਦੇ ਉਹ ਸੁਲਤਾਨ ਪੁਰ ਪੁੱਜੇ। ਸੰਤ ਘਾਟ ਗੁਰਦੁਆਰੇ ਵਾਲੀ ਸਥਾਨ ਤੇ ਸੰਤ ਸਮਾਗਮ ਹੋਣਾ ਨਿਯਤ ਸੀ।''

ਡਾ: ਪ੍ਰਵਾਨਾ ਲਿਖਦੇ ਹਨ, "ਇਸੇ ਗੁਰਦੁਆਰੇ (ਸੰਤਘਾਟ) ਦੀ ਦੀਵਾਰ ਤੇ ਲੱਗੇ ਬੋਰਡ ਤੇ ਲਿਖੇ ਇਨ੍ਹਾਂ ਸ਼ਬਦਾਂ "੧ੳ ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਜੀ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸ੍ਰੀ ਬੇਰ ਸਾਹਿਬ ਤੋਂ ਬੇਈ ਨਦੀ ਵਿਚ ਟੁੱਭੀ ਲਾ ਕੇ ਤੀਸਰੇ ਦਿਨ ਪ੍ਰਗਟ ਹੋਏ ਅਤੇ ਇੱਥੇ ਹੀ ਮੂਲ ਮੰਤਰ ਉਚਾਰਣ ਕੀਤਾ।

ਡਾ: ਪ੍ਰਵਾਨਾ ਲਿਖਦੇ ਹਨ, "ਬੇਈ ਵਿਚ ਇਸ਼ਨਾਨ ਕਰਨ ਦੇ ਬਹਾਨੇ ਕੁੱਦ ਪਏ ਅਤੇ ਨੇੜ੍ਹੇ ਵਿਚ ਅਲੋਪ ਹੋ ਗਏ। ਗੁਰਦੁਆਰਾ ਬੇਰ ਸਾਹਿਬ ਤੋਂ ਤਿੰਨ ਕਿਲੋਮੀਟਰ ਦੂਰ ਸੰਤ ਘਾਟ ਗੁਰਦੁਆਰਾ ਹੈ, ਜਿੱਥੇ ਸਮਾਗਮ ਹੋਣਾ ਨਿਸ਼ਚਿਤ ਸੀ, ਸਤਿਸੰਗ ਲਈ ਪਹੁੰਚ ਗਏ ਸਨ। ਇਹ ਪਹਿਲੇ ਵਾਲੇ ਸੰਤ (ਸੱਚੇ ਸੌਦੇ ਵਾਲੇ) ਸਨ, ਜੋ ਪੰਜਾਬ ਵਿਚ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਆਏ ਸਨ। ਇਹਨਾਂ ਪੰਜਾਂ ਸੰਤਾਂ ਵਿਚ ਗੁਰੂ ਰਵਿਦਾਸ ਜੀ ਵੀ ਸੀ।''

ਹੁਣ ਡਾ: ਪ੍ਰਵਾਨਾ ਆਪਣਾ ਨਿਰਣਾ ਦਰਜ ਕਰਦੇ ਹਨ:

"ਤਿੰਨ ਦਿਨਾ ਸੰਤ ਸਮਾਗਮ ਵਿਚ ਲਏ ਗਏ ਫੈਸਲੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੀ ਤਿਆਰੀ ਦਾ ਮੁੱਢ ਇਸੇ ਸੰਤ ਘਾਟ ਗੁਰਦੁਆਰੇ ਵਾਲੀ ਸਥਾਨ ਤੋਂ ਹੀ ਆਰੰਭ ਹੋਇਆ ਦੱਸਿਆ ਗਿਆ ਹੈ। ਇਸ ਕਥਨ ਦੀ ਪੂਰਤੀ ਸੰਤ ਕਰਤਾਰ ਸਿੰਘ ਜੀ ਨੇ, ਜੋ ਗੁਰਦੁਆਰੇ ਦੀ ਉਸਾਰੀ ਤੇ ਉਹਨਾਂ ਦੀ ਮੁਰੰਮਤ

(ਬਾਕੀ ਅਗਲੇ ਸਫੇ ਤੇ)

# ਗੁਰੂ ਰਵਿਦਾਸ ਜੀ: ਗੁਰੂ ਗ੍ਰੰਥ ਸਾਹਿਬ ਅਨੁਸਾਰ ਗੁਰੂ

ਕਰਵਾਉਣ ਅਤੇ ਸਿੱਖ ਇਤਿਹਾਸ ਅਤੇ ਬਾਣੀ ਦੇ ਪ੍ਰਬੀਨ ਬੁਲਾਰੇ ਅਤੇ ਤਰਜਮਾਨ ਮੰਨੇ ਜਾਂਦੇ ਹਨ, ਨੇ ਵੀ ਇਸੇ ਸੰਤ ਸਮਾਗਮ ਦੀ ਸੰਭਾਵਨਾ ਦੀ ਹੋਂਦ ਦੀ ਪੁਸ਼ਟੀ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਮਿਤੀ 31.3.1983 ਨੂੰ ਮੇਰੇ ਨਾਲ ਇਕ ਵਿਚਾਰ ਗੋਸ਼ਟੀ ਵਿਚ ਕੀਤੀ ਸੀ। ਗੁਰੂ ਨਾਨਕ ਸਾਹਿਬ ਦੀ ਸੰਤਾਂ ਨਾਲ ਇਹ ਦੂਜੀ ਮਿਲਣੀ ਸੀ। ਸੱਚ ਖੰਡ ਦੇ ਸੰਕਲਪ ਨੂੰ ਵਿਕਾਸ ਇਸੇ ਸਮੇਂ ਮਿਲਿਆ ਸੀ ਅਤੇ ਮੂਲ ਮੰਤਰ ਦੀ ਰਚਨਾ ਵੀ ਇਸੇ ਜਗ੍ਹਾ ਹੋਈ ਦੱਸੀ ਗਈ ਹੈ।'

ਇਸ ਨਾਲ ਗੁਰ ਭਾਈ ਭਾਈਚਾਰੇ ਦੇ ਸੰਕਲਪ ਨੂੰ ਸਾਰਥਕਤਾ ਅਤੇ ਪਰਪੱਕਤਾ ਦ੍ਰਿੜ੍ਹ ਹੋਈ ਹੈ। ਫਲਸਰੂਪ ਰਾਗ ਆਸਾ ਵਿਚ ਮੂਲ ਮੰਤਰ ਨਾਲ ਬ੍ਰਹਮ ਗਿਆਨੀ ਚਿੰਤਕਾਂ ਦਾ ਅੰਕਿਤ ਹੋਣਾ ਉਪਰੋਕਤ ਚਰਚਾ ਦੇ ਆਧਾਰ ਨੂੰ ਹੋਰ ਪਕੇਰਾ ਕਰਨ ਦਾ ਸਾਧਨ ਬਣਦਾ ਹੈ। ਡਾ: ਦਰਸ਼ਨ ਸਿੰਘ ਪ੍ਰੋਫੈਸਰ ਅਤੇ ਚੇਅਰਮੈਨ, ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੀ ਇਸ ਆਧਾਰ ਨੂੰ ਡਾ: ਪ੍ਰਵਾਨਾ ਦੇ ਥੀਸਸ ''ਸ੍ਰੀ ਗੁਰੂ ਰਵਿਦਾਸ ਜੀਵਨ ਤੇ ਕਿਰਤਾਂ''- 1993 ਦੇ ਪੰਨਾ ਨੰ: 3 (ਤਿੰਨ) ਤੇ ਵਿਚਾਰ ਦਿੰਦੇ ਹੋਏ ਹੋਰ ਵੀ ਪ੍ਰਪੱਕਤਾ ਪ੍ਰਦਾਨ ਕਰਦੇ ਹਨ। ਉਹ ਲਿਖਦੇ ਹਨ:

''ਇਸ ਗ੍ਰੰਥ ਦੇ ਪਾਠ ਤੋਂ ਇਹ ਭਲੀ ਭਾਂਤ ਸਿੱਧ ਹੋ ਜਾਏਗਾ ਕਿ ਇਹ ਗ੍ਰੰਥ ਸਿਰਫ ਆਕਾਰ ਵਿਚ ਹੀ ਵੱਡਾ ਨਹੀਂ ਹੈ ਗੁਣਾਂ ਵਿਚ ਵੀ ਵੱਡਾ ਹੈ। ਸੰਤ ਜੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਪ੍ਰਾਪਤ ਧਾਰਨਾਵਾਂ ਦੁਆਲੇ ਉਸਰੇ ਧੁੰਦਲੇਪਣ ਨੂੰ ਜਿਸ ਤਰੀਕੇ ਨਾਲ ਡਾ: ਪ੍ਰਵਾਨਾ ਨੇ ਸਾਫ ਕੀਤਾ ਹੈ, ਮੇਰੇ ਖਿਆਲ ਵਿਚ ਇਹ ਇਕ ਵਿਲੱਖਣ ਦੇਣ ਹੈ। ਇੰਝ ਇਹ ਗੁਣ ਅਤੇ ਆਕਾਰ ਦੋਹਾਂ ਪੱਖੋਂ ਇਕ ਮਹੱਤਵਪੂਰਨ ਰਚਨਾ ਹੈ।''

ਸਪੱਸ਼ਟ ਹੈ ਕਿ ਡਾ: ਦਰਸ਼ਨ ਸਿੰਘ ਜੀ ਨੇ ਪੂਰੇ ਧਿਆਨ ਨਾਲ ਡਾ: ਪ੍ਰਵਾਨਾ ਦੀ ਪੁਸਤਕ (ਗ੍ਰੰਥ) ਦਾ ਅਧਿਐਨ ਕਰਕੇ ਹੀ ਇਹ ਪੈਰ੍ਹਾ ਲਿਖਿਆ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਪੰਨਾ 118 ਤੇ ਦਿੱਤੇ ਮੂਲ ਮੰਤਰ ਦੀ ਸਿਰਜਣਾ ਬਾਰੇ ਖੋਜ ਨਾਲ ਆਪ ਪੂਰੀ ਤਰ੍ਹਾਂ ਸਹਿਮਤ ਹਨ। ਇਸ ਤਰ੍ਹਾਂ ਗੁਰੂ ਭਾਈ ਭਾਈਚਾਰੇ ਦੇ ਸੰਕਲਪ ਨੂੰ ਦ੍ਰਿੜ੍ਹਤਾ ਪ੍ਰਾਪਤ ਹੋਈ ਹੈ।

ਸੋ ਮੂਲ ਮੰਤਰ ਦੀ ਉਸਾਰੀ ਵਿਚ ਗੁਰੂ ਰਵਿਦਾਸ ਗੁਰੂ ਕਬੀਰ, ਗੁਰੂ ਨਾਮਦੇਵ, ਗੁਰੂ ਨਾਨਕ ਦਾ ਭਰਪੂਰ ਯੋਗਦਾਨ ਹੈ। ਇਹੋ ਸਾਂਝੀਵਾਲਤਾ ਹੈ ਅਤੇ ਇਹੋ ਗੁਰਭਾਈ ਭਾਈਚਾਰੇ ਦਾ ਸ਼ਕਤੀਸ਼ਾਲੀ ਆਧਾਰ ਹੈ। ਇਸ ਚਰਚਾ ਦੇ ਸਿੱਟੇ ਵਜੋਂ ਹੁਣ ਕਿਸੇ ਵੀ ਤਰ੍ਹਾਂ ਗੁਰੂ ਰਵਿਦਾਸ ਨੂੰ ਭਗਤ ਕਹਿਣਾ ਜਾਇਜ਼ ਨਹੀਂ ਹੈ।

ਸਿੱਟਾ ਅਚੁੱਕ ਅਤੇ ਸਪੱਸ਼ਟ ਹੈ: ਗੁਰੂ ਰਵਿਦਾਸ ਅਤੇ ਗੁਰੂ ਨਾਨਕ ਗੁਰਭਾਈ ਹਨ ਅਤੇ ਦੋਹਾਂ ਨੂੰ ਗੁਰੂ ਲਫਜ਼ ਨਾਲ ਸੰਬੋਧਨ ਕਰਨਾ ਹੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਦੀ ਪਾਲਣਾ ਕਰਨਾ ਹੈ। ਸੋ ਗੁਰੂ ਰਵਿਦਾਸ ਜੀ ਨੂੰ ਭਗਤ ਨਹੀਂ ਗੁਰੂ ਲਿਖਣਾ ਹੀ ਸਹੀ ਹੈ।

ਉਪਰੋਕਤ ਚਰਚਾ ਦਾ ਨਿਰਣਾ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਸਾਰੇ ਮਹਾਂ ਪੁਰਸ਼ 'ਗੁਰੂ' ਹਨ। ਇਸ ਸੰਕਲਪ ਨੂੰ ਪ੍ਰਮਾਣਿਕਤਾ ਅਤੇ ਪਰਪੱਕਤਾ ਖੁਦ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਦਾਨ ਕੀਤੀ ਹੈ। ਭਾਈ ਗਯਾਨ ਸਿੰਘ ਜੀ ਗਯਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਕਲਮਬੰਦ ਕਰਦੇ ਲਿਖਦੇ ਹਨ:-

'ਤਥਾ ਹੀ ਸ੍ਰੀ ਮੁਖ ਵਾਕ-ਦੋਹਿਰਾ
ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ ਪਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈ ਲੇਹ।
ਸਬ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ।
ਜਗਮਗ ਜੋਤ ਬਿਰਾਜ ਹੀ ਸ੍ਰੀ ਗੁਰੂ ਗ੍ਰੰਥ ਮਝਾਰ।
ਜੋ ਦਰਸਯੋ ਚਹਿ ਗੁਰੂ ਕੌ ਸੋ ਦਰਸੈ ਗੁਰੂ ਗ੍ਰੰਥ।
ਪਢੈ ਸੁਨੈ ਸ੍ਵਾਰਥ ਲਹੈ ਪਰਮਾਰਥ ਕੋ ਪੰਥ।
ਵਾਹਿਗੁਰੂ ਗੁਰੂ ਗ੍ਰੰਥ ਜੀ ਉਪੈ ਜਹਾਜ ਉਦਾਰ।
ਜੋ ਸਰਧਾ ਸੇਵ ਹੈ ਸੋ ਉਤਰੇ ਭਵ ਪਾਰ।11।।

ਗਿਆਨੀ ਜੀ ਨੇ ਉਪਰੋਕਤ ਕਾਵਿ ਪੈਰੇ ਦੇ ਦੋ ਹਿੱਸੇ ਕੀਤੇ ਹਨ। ਪਹਿਲੇ ਪਹਿਰੇ ਵਿਚ ਆਦਿ ਗ੍ਰੰਥ ਜੀ ਨੂੰ ਗੁਰੂ ਮੰਨਣ ਲਈ ਸਿੱਖਾਂ ਨੂੰ ਹੁਕਮ ਕੀਤਾ ਹੈ ਅਤੇ ਦੂਜੇ ਹਿੱਸੇ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਸਮੂਹ ਬ੍ਰਹਮ ਗਿਆਨੀਆਂ ਨੂੰ ਇਕ ਗੁਰੂ ਦਰਸਾ ਕੇ ਪ੍ਰਭ ਦਾ ਪੂਰਨ ਅਵਤਾਰ ਕਿਹਾ ਹੈ ਅਤੇ ਹੁਕਮ ਕੀਤਾ ਹੈ ਕਿ ਜਿਹੜਾ ਗੁਰੂ ਦੇ ਦਰਸ਼ਨ ਕਰਨਾ ਲੋਚਦਾ ਹੈ ਉਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਕਿਸੇ ਵੀ ਇਕ ਗੁਰੂ ਦੇ ਦਰਸ਼ਨ, ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਨ ਨਾਲ ਹੋ ਜਾਂਦੇ ਹਨ। ਇਸ ਦਾ ਸਪਸ਼ਟ ਅਰਥ ਹੈ ਕਿ ਗੁਰੂ ਗ੍ਰੰਥ ਸਾਹਿਬ ਕੇਵਲ ਦਸ ਗੁਰੂਆਂ ਦੀ ਜੋਤਿ ਹੀ ਨਹੀਂ ਸਗੋਂ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਸਾਰੇ ਗੁਰੂਆਂ ਦੀ ਜੋਤਿ ਹੈ। ਜੇ ਇਸ ਦਾ ਅਰਥ 'ਦਸ ਗੁਰੂ ਸਾਹਿਬਾਨ' ਤੱਕ ਹੀ ਸੀਮਤ ਹੁੰਦਾ ਤਾਂ 'ਸਭ' ਦੀ ਥਾਂ ਤੇ 'ਦਸ' ਲਿਖਿਆ ਹੁੰਦਾ। ਫਿਰ ਇਸ ਦਾ ਅਰਥ ਬਣਦਾ ਕਿ ਗੁਰੂ ਗ੍ਰੰਥ ਸਾਹਿਬ ਪੰਜਾਬ ਦੇ ਗੁਰੂ ਸਾਹਿਬਾਨ ਤੱਕ ਹੀ ਸੀਮਤ ਹੈ, ਇਸ ਵਿਚ ਬਿਰਾਜਮਾਨ ਬਾਕੀ ਬ੍ਰਹਮ ਗਿਆਨੀਆਂ ਦਾ ਕੋਈ ਮਹੱਤਵ ਨਹੀਂ। ਜੇ ਉਪਰੋਕਤ ਵਿਚਾਰ ਨੂੰ ਮੰਨ ਲਿਆ ਜਾਵੇ ਤਾਂ ਸ਼ਬਦ ''ਸਿਖਨ' ਦੀ ਥਾਂ 'ਖਾਲਸਾ' ਲਿਖਣਾ ਚਾਹੀਦਾ ਸੀ ਕਿਉਂਕਿ ਖਾਲਸੇ ਦੀ ਸਿਰਜਣਾ ਵੀ ਪੰਜਾਬ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ। ਇਸ ਤਰ੍ਹਾਂ 'ਦਸ' ਅਤੇ 'ਖਾਲਸਾ' ਸ਼ਬਦ ਲਿਖਣ ਨਾਲ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਵਿਸ਼ਵ-ਵਿਆਪੀ ਸਰੂਪ ਸੁੰਗੜ ਕੇ ਪੰਜਾਬ ਵਿਆਪੀ ਰਹਿ ਜਾਣਾ ਸੀ, ਜਿਹੜਾ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਲਈ ਤਬਾਹਕੁੰਨ ਸਾਬਤ ਹੋਣਾ ਸੀ। ਇਸ ਲਈ 'ਸਬ ਗੁਰੂ' ਦਾ ਅਰਥ, ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਸਾਰੇ ਬ੍ਰਹਮ ਗਿਆਨੀਆਂ ਲਈ ਵਰਤਿਆ ਗਿਆ ਹੈ। ਪ੍ਰੋ: ਗੁਰਤੇਜ ਸਿੰਘ ਇਸ ਵਿਚਾਰ ਨੂੰ ਹੋਰ ਪ੍ਰਪੱਕ ਕਰਦੇ ਲਿਖਦੇ ਹਨ, 'ਦਸਗੁਰ ਇਕ ਜੋਤ ਦਾ ਅਮਲ ਜੋ ਗੁਰਬਾਣੀ ਦੇ ਸੰਦਰਭ ਵਿਚ ਲਾਗੂ ਕਰਨਾ ਹੁੰਦਾ ਤਾਂ ਸਾਰੇ ਗੁਰੂ ਗ੍ਰੰਥ ਦੀ ਬਾਣੀ ਮਹਲਿਆਂ ਤੋਂ ਬਿਨਾਂ ਨਾਨਕ ਨਾਂ ਛਾਪ ਹੇਠ ਲਿਖੀ ਹੋਣੀ ਸੀ।

ਸਬ ਗੁਰੂ ਪਰਗਟ ਭਏ
ਪੂਰਨ ਹਰਿ ਅਵਤਾਰ।
ਜਗਮਗ ਜੋਤ ਬਿਰਾਜ ਹੀ
ਸ੍ਰੀ ਗੁਰੂ ਗ੍ਰੰਥ ਮਝਾਰ।

ਇਸ ਨੂੰ ਹੋਰ ਸਪੱਸ਼ਟ ਕਰਨ ਲਈ ਉਪਰੋਕਤ ਕਾਵਿ ਪੈਰੇ ਦੇ ਕੁਝ ਨੁਕਤਿਆਂ ਨੂੰ ਵਿਚਾਰਦੇ ਹਾਂ।

(ਓ) ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨੀਓ ਗ੍ਰੰਥ।

ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਹੈ ਖਾਲਸੇ ਨੂੰ ਨਹੀਂ, ਕਿਉਂਕਿ ਖਾਲਸੇ ਦਾ ਜਨਮ ਗੁਰੂ ਘਰ ਦੇ ਸਿੱਖਾਂ ਵਿਚੋਂ ਹੀ ਸੰਭਵ ਹੋਇਆ ਹੈ। ਜੇਕਰ ਸ਼ਬਦ ''ਖਾਲਸਾ'' ਲਿਖਿਆ ਜਾਂਦਾ ਤਾਂ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਕੁਝ ਲੋਕਾਂ ਤੱਕ ਹੀ ਸੀਮਤ ਹੋ ਜਾਣੀ ਸੀ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ''ਸਿੱਖ'' ਸ਼ਬਦ ਵਰਤ ਕੇ ਵਿਸ਼ਵ ਦੇ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਸੋ ਜੋ ਕੋਈ ਵੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਮੰਨਦਾ ਹੈ ਉਹ ਸਿੱਖ ਹੈ ਭਾਵੇਂ ਉਹ ਕੋਈ ਵੀ ਹੋਵੇ- ਸਰਵ ਗੁਰੂ ਕਬੀਰ, ਨਾਮਦੇਵ, ਰਵਿਦਾਸ, ਨਾਨਕ ਆਦਿ ਦਾ ਸਿੱਖ ਹੋਵੇ।

(ਅ) ਜੇ ਪ੍ਰਭ ਕੋ ਮਿਲਬੋ ਚਹੇ
ਖੋਜ ਸ਼ਬਦ ਮੈ ਲੇਹ।

ਜੋ ਵੀ ਕੋਈ ਪ੍ਰਭੂ ਨੂੰ ਪ੍ਰਾਪਤ ਕਰਨਾ ਲੋਚਦਾ ਹੈ, ਉਹ ਗੁਰਬਾਣੀ (ਸ਼ਬਦ) ਤੇ ਅਮਲ ਕਰਕੇ ਉਸ ਨੂੰ ਪ੍ਰਾਪਤ ਕਰ ਸਕਦਾ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ''ਸ਼ਬਦ'' ਕਿਸੇ ਖਾਸ ਬ੍ਰਹਮ ਗਿਆਨੀ ਨਾਲ ਨਹੀਂ ਜੋੜਿਆ ਗਿਆ। ਸ਼ਬਦ ਭਾਵੇਂ ਗੁਰੂ ਕਬੀਰ ਦਾ ਹੋਵੇ ਜਾਂ ਗੁਰੂ ਰਵਿਦਾਸ ਦਾ ਜਾਂ ਗੁਰੂ ਨਾਨਕ ਦਾ, ਗੁਰਬਾਣੀ ਤਾਂ ਗੁਰਬਾਣੀ ਹੀ ਹੈ। ਸੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਿਸੇ ਵੀ ਸ਼ਬਦ ਤੇ ਅਮਲ ਕਰਕੇ ਪ੍ਰਭ ਪ੍ਰਾਪਤੀ ਹੋ ਸਕਦੀ ਹੈ।

(ੲ) ਸਬ ਗੁਰੂ ਪ੍ਰਗਟ ਭਏ
ਪੂਰਨ ਹਰਿ ਅਵਤਾਰ।।

''ਸਬ ਗੁਰੂ'' ਦਾ ਅਰਥ ਹੈ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਭਗਤ, ਗੁਰੂ, ਭੱਟ ਆਦਿ ਸਭ ਗੁਰੂ ਹਨ। ਇਹ ਸਾਰਿਆਂ ਦੀ ਜੋਤਿ ਪ੍ਰਭ ਦੇ ਪੂਰਨ ਅਵਤਾਰ ਦਾ ਪ੍ਰਤੀਕ ਹੈ। ਇਹੋ ਹੀ ਜਗਮਗਾਉਂਦੀ ਜੋਤਿ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ:

ਜਗਮਗ ਜੋਤ ਬਿਰਾਜ ਹੀ
ਸ੍ਰੀ ਗੁਰੂ ਗ੍ਰੰਥ ਮਝਾਰ।

ਸੋ ਕਿਸੇ ਨੂੰ ਭਗਤ ਜਾਂ ਭੱਟ ਕਹਿਣਾ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਉਲੰਘਣਾ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਜੋਤਿ ਤਾਂ ਸਰਵ ਗੁਰੂ ਸਾਹਿਬਾਨ ਦੀ ਸਰਵ ਸਾਂਝੀ ਜੋਤਿ ਹੀ ਨਿਰੂਪਤ ਹੈ। ਇੱਥੇ ਪ੍ਰੋ: ਗੁਰਤੇਜ ਸਿੰਘ ਦੇ ਵਿਚਾਰ ਬਹੁਤ ਹੀ ਢੁਕਵੇਂ ਹਨ ਕਿ, 'ਦਸਗੁਰ ਇਕ ਜੋਤ' ਦੇ ਸਿਧਾਂਤ ਨੂੰ ਇੱਥੇ ਗੈਰ-ਪ੍ਰਸੰਗਕ ਜਾਣ ਕੇ, ਉਹਨਾਂ ਬਕਾਇਦਾ ਮਹਲਿਆਂ ਦੀ ਬਾਣੀ ਤਰਤੀਬ ਨਾਲ ਚਾੜ੍ਹੀ।''

(ਸ) ਜੋ ਦਰਸਯੋ ਚਹਿ ਗੁਰੂ ਕੌ
ਸੋ ਦਰਸੇ ਗੁਰੂ ਗ੍ਰੰਥ।

ਇਹ ਸਤਰਾਂ (ੲ) ਵਿਚ ਆਏ ਉਪਰੋਕਤ ਵਿਚਾਰ ਨੂੰ ਹੋਰ ਦ੍ਰਿੜ੍ਹ ਕਰਦੀਆਂ ਹਨ। ਜੋ ਵੀ ਸਿੱਖ ਆਪਣੇ ਗੁਰੂ ਦੇ ਦਰਸ਼ਨ ਕਰਨ ਦਾ ਅਭਿਲਾਸ਼ੀ ਹੈ, ਉਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇ, ਉਹ ਆਪਣੇ ਗੁਰੂ ਦੇ ਦਰਸ਼ਨ ਕਰ ਲਵੇਗਾ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਹਰ ਇਕ ਗੁਰੂ ਦੀ ਜੋਤਿ ਸਮਾਈ ਹੋਈ ਹੈ ਅਤੇ ਸਭ ਗੁਰੂ ਸਾਹਿਬਾਨ ਦੀ ਜੋਤਿ ਪ੍ਰਭ ਦਾ ਪੂਰਨ ਸਰੂਪ ਹੈ।

ਉਪਰੋਕਤ ਚਰਚਾ ਤੋਂ ਸਿੱਟਾ ਨਿਕਲਦਾ ਹੈ ਕਿ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਹੁਕਮ ਹੈ, ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਸ਼ਬਦ ਤੇ ਅਮਲ ਕਰਨ ਨਾਲ ਪ੍ਰਭ ਪ੍ਰਾਪਤੀ ਹੋ ਸਕਦੀ ਹੈ, ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਸਾਰੇ ਬ੍ਰਹਮ-ਗਿਆਨੀ ਗੁਰੂ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਨ ਨਾਲ ਸਾਧਕ ਨੂੰ ਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਸਪਸ਼ਟ ਹੈ ਕਿ ਭਗਤ ਜਾਂ ਭੱਟ ਕਹਿਣਾ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਹੁਕਮ ਅਦੂਲੀ ਹੈ। ਸੋ ਆਦਿ ਗ੍ਰੰਥ ਜੀ ਨੂੰ ਗੁਰਗੱਦੀ, ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਦਾਨ ਕੀਤੀ ਅਤੇ ਨਵਾਂ ਨਾਮ ਗੁਰੂ ਗ੍ਰੰਥ ਸਾਹਿਬ ਰੱਖਿਆ ਗਿਆ। ਸਿੱਟੇ ਵਜੋਂ ਸਾਰੇ ਬ੍ਰਹਮ ਗਿਆਨੀ ਗੁਰੂ ਹਨ। ਪਰ ਸਿੱਖ ਜਗਤ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਨੂੰ ਸਹੀ ਅਰਥਾਂ ਵਿਚ ਮਾਨਤਾ ਨਹੀਂ ਦਿੱਤੀ। ਇਸ ਦਾ ਕਾਰਨ ਹਿੰਦੂ ਮੱਤ ਦਾ ਸ਼ਕਤੀਸ਼ਾਲੀ ਪ੍ਰਭਾਵ ਹੈ। ਹਿੰਦੂ ਧਰਮ ਨੇ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਦੀਆਂ ਵੰਡੀਆਂ ਪਾ ਕੇ ਹਿੰਦੂ ਸਮਾਜ ਨੂੰ ਟੁਕੜੇ ਟੁਕੜੇ ਕਰ ਦਿੱਤਾ। ਉਸ ਤਰ੍ਹਾਂ ਵਿਦਵਾਨਾਂ, ਪ੍ਰਚਾਰਕਾਂ ਆਦਿ ਨੇ ਵਿਸ਼ਵ ਭਾਈਚਾਰੇ ਦੀ ਬੁਨਿਆਦ ਗੁਰੂ ਭਾਈ ਭਾਈਚਾਰੇ ਨੂੰ ਤਹਿਸ ਨਹਿਸ ਕਰ ਦਿੱਤਾ- ਕਿਸੇ ਨੂੰ ਭਗਤ ਕਹਿ ਕੇ ਅਤੇ ਕਿਸੇ ਨੂੰ ਗੁਰੂ ਕਹਿ ਕੇ। ਸਿੱਟੇ ਵਜੋਂ ਸਿੱਖ ਸਮਾਜ ਦੀ ਵੀ ਸਿਰਜਣਾ ਨਾ ਹੋ ਸਕੀ। ਕੋਈ ਕਬੀਰ ਪੰਥੀ ਬਣ ਗਿਆ, ਕੋਈ ਰਵਿਦਾਸ ਪੰਥੀ ਅਤੇ ਕੋਈ ਨਾਮਦੇਵ ਪੰਥੀ। ਪੰਜਾਬ ਵਿਚ ਹੀ ਸਿੱਖ ਜਗਤ ਵੱਖਰੇ ਵੱਖਰੇ ਪੰਥਾਂ ਵਿਚ ਵੰਡਿਆ ਗਿਆ। ਇਸ ਦਾ ਕਾਰਨ ਬ੍ਰਾਹਮਣਵਾਦੀ ਪ੍ਰਭਾਵ ਅਧੀਨ ਗੁਰੂ ਗ੍ਰੰਥ ਸਾਹਿਬ ਦੀ ਅੰਦਰੂਨੀ ਗਵਾਹੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਨਾ ਮੰਨਣਾ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਹੁਕਮ ਹੀ ਕਰ ਦਿੱਤਾ ਹੈ ਫਿਰ ਕਿਸੇ ਨੂੰ ਕੀ ਹੱਕ ਹੈ ਕਿ ਉਹ ਕਿਸੇ ਨੂੰ ਗੁਰੂ, ਕਿਸੇ ਨੂੰ ਭਗਤ ਅਤੇ ਕਿਸੇ ਨੂੰ ਭੱਟ ਕਹੇ?

ਗੁਰੂ ਗ੍ਰੰਥ ਸਾਹਿਬ ਦੀ ਦੇਹ ਨੂੰ ਗੁਰੂ ਮੰਨਣ ਦੇ ਨਾਲ ਨਾਲ ਇਸ ਵਿਚ ਬਿਰਾਜਮਾਨ ਮਹਾਂਪੁਰਸ਼ਾਂ ਨੂੰ ਵੀ ਗੁਰੂ ਕਹਿਣ ਦਾ ਆਦੇਸ਼ ਹੈ। ਇਹ ਤੱਥ 'ਮਹਲਾ' ਅਤੇ 'ਭਗਤਾ ਕੀ ਬਾਣੀ' ਉਤੇ ਵਿਚਾਰਾਂ ਕਰਦਿਆਂ ਵੀ ਸਪਸ਼ਟ ਹੋ ਗਿਆ ਸੀ। ਜਿਸ ਅਨੁਸਾਰ ਗੁਰੂ ਰਵਿਦਾਸ ਜੀ ਨੂੰ ਅਤੇ ਬਾਕੀ ਸਭ ਨੂੰ ਗੁਰੂ ਕਹਿਣਾ ਅਤੇ ਮੰਨਣਾ ਹੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਦੀ ਪਾਲਣਾ ਕਰਨਾ ਹੈ।

ਸੋ ਉਪਰੋਕਤ ਚਰਚਾ ਦਾ ਨਿਰਣਾ ਅਚੁੱਕ ਅਤੇ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਅੰਦਰਲੀਆਂ ਗਵਾਹੀਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਗੁਰੂ ਰਵਿਦਾਸ ਜੀ ਗੁਰੂ ਵੀ ਹਨ ਅਤੇ ਬ੍ਰਹਮ ਗਿਆਨ ਦੇ ਚਿੰਤਕ ਵੀ।

ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਵਿਦਾਸ ਜੀ ਨੂੰ ਗੁਰੂ, ਰਾਜ-ਗੁਰੂ ਅਤੇ ਸ਼੍ਰੋਮਣੀ-ਗੁਰੂ ਤੋਂ ਵੀ ਇਕ ਕਦਮ ਅੱਗੇ ਜਾ ਕੇ, ਉਹਨਾਂ ਨੂੰ ਬ੍ਰਹਮ ਗੁਰੂ ਕਿਹਾ ਹੈ। ਉਹ ਫੁਰਮਾਉਂਦੇ ਹਨ ਕਿ ਹੇ ਨਾਨਕ! ਰਵਿਦਾਸ ਨੇ ਸੋਹਣੇ ਸੁੰਦਰ ਪ੍ਰਭ ਦੀ ਅਰਾਧਨਾ ਕੀਤੀ ਤਾਂ ਉਹ ਬ੍ਰਹਮ-ਰੂਪ ਹੀ ਹੋ ਗਏ ਅਤੇ ਬ੍ਰਹਮ-ਗੁਰੂ ਦੇ ਪਦ ਨੂੰ ਪ੍ਰਾਪਤ ਹੋਏ। ਗੁਰੂ ਅਰਜਨ ਦੇਵ ਜੀ ਦੇ ਬਚਨ ਹਨ:

'ਰਵਿਦਾਸ ਧਿਆਏ ਪ੍ਰਭ ਅਨੂਪ।।
ਗੁਰੂ ਨਾਨਕ ਦੇਵ ਗੋਬਿੰਦ ਰੂਪ।।੯।।

## ਰਿਜ਼ਰਵੇਸ਼ਨ ਦਾ ਅਸਲੀ ਹੱਕਦਾਰ ਕੌਣ ਹੈ?

ਰਿਜ਼ਰਵੇਸ਼ਨ ਰਾਸ਼ਟਰੀ ਨਿਰਮਾਣ ਦੀ ਪ੍ਰਕਿਰਿਆ ਹੈ, ਜਿਸਦੇ ਜ਼ਰੀਏ ਹਜ਼ਾਰਾਂ ਸਾਲਾਂ ਤੋਂ ਜੀਵਨ ਦੇ ਅਨੇਕਾਂ ਪੱਧਰਾਂ ਤੇ ਬਾਈਕਾਟ, ਸ਼ੋਸ਼ਿਤ, ਬੇਇਜ਼ਤੀ ਦਾ ਸ਼ਿਕਾਰ ਅਤੇ ਵਾਂਝੀਆਂ ਜਾਤੀਆਂ ਨੂੰ ਸੱਤਾ, ਸਿੱਖਿਆ, ਉਤਪਾਦਨ, ਨਿਆਂ, ਸੰਚਾਰ ਵਿਵਸਥਾ, ਸਵੈ ਸੇਵੀ ਸੰਗਠਨਾਂ ਆਦਿ ਵਿਚ ਉਹਨਾਂ ਦੀ ਜਨਸੰਖਿਆ ਦੇ ਅਨੁਪਾਤ ਵਿਚ ਪ੍ਰਤੀਨਿਧਤਾ ਯਕੀਨੀ ਕਰਨਾ ਹੈ। ਰਿਜ਼ਰਵੇਸ਼ਨ ਮਨਰੇਗਾ ਵਾਂਗ ਗਰੀਬੀ ਘਟਾਉਣ ਵਾਲਾ ਪ੍ਰੋਗਰਾਮ ਨਹੀਂ ਹੈ, ਜਿਸ ਨਾਲ ਆਰਥਿਕ ਕਮਜ਼ੋਰੀ ਦੂਰ ਹੋ ਸਕੇ। ਜੇਕਰ ਉਚ ਜਾਤੀਆਂ ਨੂੰ ਆਰਥਿਕ ਤੌਰ ਤੇ ਪੱਛੜੇ ਲੋਕਾਂ ਦੀ ਮਦਦ ਕਰਨੀ ਹੈ ਤਾਂ ਕਾਂਗਰਸ ਅਤੇ ਦ੍ਵਿਵੇਦੀ ਨੂੰ ਉਹਨਾਂ ਦੇ ਆਰਥਿਕ ਕਲਿਆਣ ਲਈ ਆਰਥਿਕ ਅਸਮਾਨਤਾ ਨੂੰ ਦੂਰ ਕਰਨ ਵਾਲੇ ਪ੍ਰੋਗਰਾਮ ਚਲਾਉਣੇ (ਦੋ ਨਹੀਂ, ਦਸ ਵੀਹ ਚਲਾਓ) ਚਾਹੀਦੇ ਹਨ। ਦਲਿਤ ਆਰਥਿਕ ਤੌਰ ਤੇ ਕੇਵਲ ਕਮਜ਼ੋਰ ਸਨ, ਇਸ ਕਰਕੇ ਉਹਨਾਂ ਨੂੰ ਰਿਜ਼ਰਵੇਸ਼ਨ ਨਹੀਂ ਦਿੱਤੀ ਗਈ। ਉਹਨਾਂ ਨੂੰ ਰਿਜ਼ਰਵੇਸ਼ਨ ਇਸ ਕਰਕੇ ਦਿੱਤੀ ਗਈ ਸੀ ਕਿਉਂਕਿ ਉਹਨਾਂ ਨੂੰ ਜਾਤੀਵਾਦ ਦੇ ਆਧਾਰ ਤੇ ਹਜ਼ਾਰਾਂ ਸਾਲਾਂ ਤੋਂ ਜੀਵਨ ਦੇ ਅਨੇਕਾਂ ਪੱਧਰਾਂ ਤੇ ਰਾਜਨੀਤੀ ਅਤੇ ਕਰਮਚਾਰੀ ਤੰਤਰ, ਸਿੱਖਿਆ, ਉਤਪਾਦਨ, ਨਿਆਂ, ਸੰਚਾਰ ਵਿਵਸਥਾ, ਸਵੈ ਸੇਵੀ ਸੰਗਠਨਾਂ ਦੀ ਪ੍ਰਤੀਨਿਧਤਾ ਦਿੱਤੀ ਗਈ, ਤਾਂ ਜੋ ਉਹ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਵਿਚ ਹਿੱਸਾ ਲੈ ਸਕਣ।

ਦ੍ਵਿਵੇਦੀ ਦੱਸਣ ਦਾ ਕਸ਼ਟ ਕਰਨਗੇ ਕਿ ਕਿਹੜੀ ਕਿਹੜੀਆਂ ਜਾਤੀਆਂ ਹਨ, ਜਿਹਨਾਂ ਨੇ ਜਾਤੀ ਆਧਾਰ ਤੇ ਹਜ਼ਾਰਾਂ ਸਾਲਾਂ ਤੱਕ ਧੱਕੇਸ਼ਾਹੀ, ਨਫਰਤ, ਛੂਤਛਾਤ, ਬਾਈਕਾਟ ਆਦਿ ਸਹਿਣਾ ਪਿਆ ਹੋਵੇ ਅਤੇ ਜੇਕਰ ਕੁਝ ਜਾਤੀਆਂ ਹਨ ਤਾਂ ਉਹਨਾਂ ਨੂੰ ਵੀ ਰਿਜ਼ਰਵੇਸ਼ਨ ਦਾ ਲਾਭ ਮਿਲਣਾ ਚਾਹੀਦਾ ਹੈ। ਪਰ ਰਿਜ਼ਰਵੇਸ਼ਨ ਨੂੰ ਕਿਰਪਾ ਕਰਕੇ ਗਰੀਬੀ ਘਟਾਉਣ ਦੇ ਪ੍ਰੋਗਰਾਮ ਵਿਚ ਨਹੀਂ ਬਦਲਣਾ ਚਾਹੀਦਾ। ਆਰਥਿਕ ਤੌਰ ਤੇ ਗਰੀਬੀ ਇਕ ਜਾਂ ਦੋ ਸਾਲ, ਦਸ ਸਾਲ ਜਾਂ ਸੌ ਸਾਲ ਹੋ ਸਕਦੀ ਹੈ ਪਰ ਦਲਿਤਾਂ ਨੂੰ ਤ੍ਰਿਸਕਾਰ, ਅਸਮਾਨਤਾ, ਬੇਇਜ਼ਤੀ, ਛੂਤਛਾਤ, ਬਾਈਕਾਟ ਆਦਿ ਹਜ਼ਾਰਾਂ ਸਾਲਾਂ ਤੋਂ ਸਹਿਣ ਕਰਨੇ ਪੈ ਰਹੇ ਹਨ। ਹੁਣ ਤੁਸੀਂ ਹੀ ਫੈਸਲਾ ਕਰੋ ਕਿ ਰਿਜ਼ਰਵੇਸ਼ਨ ਦਾ ਅਸਲੀ ਹੱਕਦਾਰ ਕੌਣ ਹੈ?




ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਸੈਕਰਾਮੈਂਟੋ ਦੀਆਂ ਬੀਬੀਆਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਨਾਲ ਸਬੰਧਤ ਲੜੀ ਤਹਿਤ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ। (ਫੋਟੋ ਤੇ ਵੇਰਵਾ- ਪ੍ਰੇਮ ਕੁਮਾਰ ਚੁੰਬਰ)

## ਸੱਚੀ ਸੰਗਤ

# "ਮਾਧੋ ਅਵਿਦਿਆ ਹਿਤ ਕੀਨ। ਵਿਵੇਕ ਦੀਪ ਮਲੀਨ॥"



ਤੇਜਿੰਦਰ ਸਿੰਘ 'ਝੱਲੀ'

ਸਤਿਗੁਰੂ ਰਵਿਦਾਸ ਜੀ ਦੇ ਮਨੁੱਖੀ ਵਿਕਾਸ ਅਤੇ ਨਿਘਾਰਬਾਰੇ ਜੋ ਮਹਾਨ ਵਿਚਾਰ ਹਨ, ਉਹ ਉਪਰੋਕਤ ਲਿਖਤ ਵਿੱਚ ਉਜਾਗਰ ਕੀਤੇ ਹਨ। ਮਨੁੱਖੀ ਵਿਕਾਸ ਇਕ ਪ੍ਰੋਸੈਸ ਹੈ। ਇਸ ਪ੍ਰੋਸੈਸ ਦੇ ਮੁਤਾਬਿਕ ਇਨਸਾਨ ਨੇ ਆਪਣੇ ਕੇਂਦਰ ਤੀਕ ਪਹੁੰਚਣਾ ਹੈ। ਜਦੋਂ ਤੋਂ ਇਹ ਦਿਖਣ ਵਾਲਾ ਅਤੇ ਅਦਿੱਖ ਸੰਸਾਰ ਹੋਂਦ ਵਿੱਚ ਆਇਆ ਹੈ ਉਦੋਂ ਤੋਂ ਹੀ ਇਹ ਸੁਆਲ ਚੱਲ ਰਹੇ ਹਨ ਕਿ ਇਹ ਸੰਸਾਰ ਕਦੋਂ ਬਣਿਆ ? ਕਿਉਂ ਬਣਿਆ? ਕਿਸ ਨੇ ਬਣਾਇਆ ਅਤੇ ਕਦੋਂ ਤੱਕ ਰਹੇਗਾ? ਇਤਿਆਦਿਕ ਪ੍ਰਸ਼ਨ ਫਿਲਾਸਫਰਾਂ, ਵਿਗਿਆਨਕਾਂ, ਸੰਤਾਂ, ਵਿਦਿਆਰਥੀਆਂ ਅਤੇ ਸੰਸਾਰੀਆਂ ਸਾਹਮਣੇ ਪੈਦਾ ਹੁੰਦਾ ਰਿਹਾ ਅਤੇ ਅੱਜ ਵੀ ਚਲ ਰਿਹਾ ਹੈ। ਪਰ ਅਸਾਡੇ ਸਾਹਮਣੇ ਉਪਰੋਕਤ ਸੁਆਲ ਅਤੇ ਉਹਨਾਂ ਦਾ ਉੱਤਰ ਮਹੱਤਵਪੂਰਨ ਨਹੀਂ ਹਨ । ਸਧਾਰਨ ਲੋਕਾਂ ਸਾਹਮਣੇ ਸੁਆਲ ਹੈ ਕਿ ਇਸ ਜਗਤ ਨੂੰ ਇਨਸਾਨਾਂ ਦੇ ਸੁੱਖ, ਅਮਨ ਚੈਨ ਅਤੇ ਭਰਾਤਰੀ ਭਾਵ, ਸੁਤੰਤਰਤਾ ਪੂਰਬਕ ਅਤੇ ਸਦਾਚਾਰੀ ਜੀਵਨ ਜੀਉਣ ਦੇ ਲਾਇਕ ਕਿਵੇਂ ਬਣਾਇਆ ਜਾ ਸਕਦਾ ਹੈ ? ਜਿਥੇ ਹਰ ਪ੍ਰਾਣੀ ਮਾਤਰ ਨੂੰ ਖਾਣ ਲਈ ਰੋਟੀ, ਪਹਿਨਣ ਲਈ ਕੱਪੜਾ ਅਤੇ ਰਹਿਣ ਲਈ ਆਸਰਾ ਮਿਲ ਸਕੇ। ਮਾਣ ਸਨਮਾਨ ਅਤੇ ਮਨੁੱਖੀ ਲੋੜਾਂ ਪੂਰੀਆਂ ਕਰਨ ਲਈ ਲੋੜੀਂਦੇ ਵਸੀਲੇ ਨਿਰਮਾਣ ਕੀਤੇ ਜਾਣ । ਇਹਨਾ ਬੁਨਿਆਦੀ ਸੁਆਲਾਂ ਦਾ ਜਵਾਬ ਸਾਡੇ ਪੂਰਬਲੇ ਮਹਾਨ ਵਿਚਾਰਕਾਂ ਨੇ ਖੋਜਿਆ ਹੈ ਅਤੇ ਸਾਡੇ ਭਲੇ ਲਈ ਅਤੇ ਵਿਕਾਸ ਲਈ ਸਾਡੇ ਸਾਹਮਣੇ ਰੱਖਿਆ ਹੈ।

ਇਸ ਸੁਆਲ ਦਾ ਉਤਰ ਧਾਰਮਿਕ ਜਗਤ ਅਤੇ ਵਿਗਿਆਨਕ ਜਗਤ ਵਿੱਚ ਮਹਾਨ ਖੋਜੀਆਂ ਨੇ ਲੱਭਿਆ ਹੈ ਅਤੇ ਅਸਾਨੂੰ ਉਤਮ ਜੀਵਨ ਜੀਉਣ ਦੇ ਢੰਗ ਤਰੀਕੇ ਦੱਸੇ ਹਨ। ਧਰਮ ਦੀ ਦੁਨੀਆਂ ਵਿੱਚ ਸਾਰੇ ਸੰਸਾਰ ਵਿੱਚ ਅੱਠ ਵੱਡੇ ਧਰਮ ਵਿਕਸਤ ਹੋਏ ਹਨ। ਚਾਰ ਪੂਰਬ ਦੇ ਧਰਮ ਹਨ ਅਤੇ ਚਾਰ ਮੱਧ ਪੂਰਬ ਦੇ ਧਰਮ ਹਨ।

ਮੱਧ ਪੂਰਬ ਵਿੱਚ ਯਹੂਦੀ ਧਰਮ, ਇਸਾਈ ਧਰਮ, ਪਾਰਸੀ ਅਤੇ ਇਸਲਾਮ ਧਰਮ ਹਨ। ਪੂਰਬ ਵਿੱਚ ਸਨਾਤਨ ਧਰਮ, ਜੈਨ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ਹਨ । ਸਭ ਧਰਮਾਂ ਦੇ ਮੁਤਾਬਿਕ ਇਕ ਬੁਨਿਆਦੀ ਸੋਚ ਹੈ ਕਿ ਮਨੁੱਖ ਦੇ ਮਨੁੱਖ ਨਾਲ, ਮਨੁੱਖ ਦੇ ਬਾਕੀ ਸ੍ਰਿਸਟੀ ਨਾਲ ਅਤੇ ਮਨੁੱਖ ਦੇ ਪਰਾਭੌਤਿਕ ਸ਼ਕਤੀ (ਜਿਥੋਂ ਇਹ ਸਾਰਾ ਜਗਤ ਪੈਦਾ ਹੋਇਆ) ਸੁਖਾਵੇ ਰਿਸ਼ਤੇ ਕਿਵੇਂ ਪੈਦਾ ਕੀਤੇ ਜਾਣ। ਜਦੋਂ ਅਸੀਂ ਅੱਜ ਸਾਰੇ ਜਗਤ ਵਿੱਚ ਆਪੋ ਖੋਹੀ ਦਾ ਵਾਤਾਵਰਨ ਦੇਖਦੇ ਹਾਂ ਤਾਂ ਇਸ ਤਰਾਂ ਮਹਿਸੂਸ ਹੁੰਦਾ ਹੈ ਕਿ ਇਨਸਾਨ ਨੂੰ ਇਹ ਭੁਲੇਖਾ ਪੈ ਗਿਆ ਹੈ ਕਿ ਇਸ ਧਰਤੀ ਅਤੇ ਵਾਤਾਵਰਨ ਵਿੱਚ ਜੋ ਸਾਜੋ ਸਮਾਨ ਇਨਸਾਨ ਦੀਆਂ ਲੋੜਾਂ ਲਈ ਚਾਹੀਦਾ ਹੈ ਉਹ ਵਸਤਾਂ ਹਵਾ, ਪਾਣੀ, ਧਰਤੀ ਉਰਜਾਂ ਅਤੇ ਅਕਾਸ਼ ਉਪਰ ਕਬਜਾ ਕਰਕੇ ਆਪਣੇ ਅਧੀਨ ਕਰ ਲਿਆ ਜਾਵੇ ਤਾਂ ਜੋ ਕਿਤੇ ਦੂਸਰੇ ਨਾ ਲੈ ਜਾਣ ਅਤੇ ਸਾਡੀ ਲੋੜ ਪੂਰੀ ਨਾ ਹੋ ਸਕੇ। ਇਸ ਕਰਕੇ ਹਰ ਪਾਸੇ ਲੁੱਟ ਖੋਹ ਦਾ ਵਾਤਾਵਰਨ ਬਣਿਆ ਹੋਇਆ ਹੈ। ਇਸ ਕਾਰਨ ਅਸੀਂ ਸਭ ਕੁਝ ਸਾਡੀਆਂ ਕੁਦਰਤੀ ਲੋੜਾਂ ਦੀ ਪੂਰਤੀ ਲਈ ਜਗਤ ਵਿੱਚ ਹੁੰਦੇ ਸੁੰਦੇ ਵੀ ਅਸੀਂ ਇਕ ਦੂਜੇ ਨਾਲ ਭਰਾਤਰੀ ਭਾਵ, ਪ੍ਰੇਮ ਪਿਆਰ ਅਤੇ ਸਹਿਯੋਗ ਪੈਦਾ ਕਰਕੇ ਸਦਾਚਾਰੀ ਜੀਵਨ ਜੀਉਣ ਦੀ ਥਾਂ, ਰਲ ਮਿਲ ਕੇ, ਵੰਡ ਵਰਤ ਕੇ, ਖਾਣ ਦੀ ਥਾਂ ਵੈਰ ਵਿਰੋਧ, ਉਚ-ਨੀਚ, ਵੱਡਾ-ਛੋਟਾ, ਘ੍ਰਿਣਾ ਭਰਿਆ ਅਤੇ ਦੁਰਾਚਾਰੀ ਜੀਵਨ ਜੀਉਣ ਲਈ ਬੇ-ਵੱਸ ਹੋ ਰਹੇ ਹਾਂ।

ਇਸ ਦੇ ਕਾਰਣਾਂ ਦੀ ਖੋਜ਼ ਕਰਕੇ ਸ੍ਰੀ ਗੁਰੂ ਰਵਿਦਾਸ ਜੀ ਨੇ ਇਹ ਨਿਰਣਾ ਦਿੱਤਾ ਹੈ ਕਿ ਅਜੋਕੇ ਸਮੇਂ ਵਿੱਚ ਸੰਸਾਰ ਵਿੱਚ ਦੁੱਖ ਹੀ ਦੁੱਖ, ਅਸ਼ਾਂਤੀ, ਸੰਕਲਪ, ਵਿਕਲਪ, ਤ੍ਰਿਸ਼ਨਾ, ਵਿਆਕੁਲਤਾ, ਬੇਸਬਰੀ, ਮੂਰਖਤਾ, ਬੇਪੱਤੀ, ਬਿਪਤਾ, ਕ੍ਰੋਧ, ਰਾਗ ਦਵੈਖ, ਅਹੰਕਾਰ ਅਤੇ ਚਿੰਤਾ ਵਿੱਚ ਜੀਵਨ ਮਰਨ ਹੋਈ ਜਾ ਰਿਹਾ ਹੈ ਅਤੇ ਹਰ ਪਾਸੇ ਦੁੱਖੀ ਲੋਕ ਹੀ ਨਜ਼ਰ ਆਉਂਦੇ ਹਨ।

ਉਪਰੋਕਤ ਸੰਦੇਸ਼ ਵਿੱਚ ਸਤਿਗੁਰੂ ਰਵਿਦਾਸ ਜੀ ਦੱਸਦੇ ਹਨ ਕਿ ਇਸ ਦਾ ਕਾਰਨ ਅਵਿੱਦਿਆ ਹੈ, ਅਗਿਆਨ ਹੈ। ਇਨਸਾਨ ਨੇ ਅਗਿਆਨਤਾ ਨਾਲ 'ਮੋਹ' ਹਿੱਤ ਪੈਦਾ ਕਰ ਲਿਆ ਹੈ। ਅਗਿਆਨਤਾ ਨਾਲ ਗਲਵੱਕੜੀ ਪਾ ਲਈ ਹੈ। ਇਸ ਨਾਲ ਉਸ ਦੀ ਵਿਵੇਕ ਬੁੱਧੀ, ਅਕਲ ਮਾਰੀ ਗਈ ਹੈ। ਬੁੱਧੀ ਮਲੀਨ ਹੋ ਗਈ ਹੈ ਮੱਤ ਮੈਲੀ ਹੋ ਕੇ ਕੁਮੱਤ ਬਣ ਗਈ ਹੈ। ਜਿਸ ਕਰਕੇ ਹਰ ਪਾਸੇ ਹਨੇਰਾ ਹੀ ਹਨੇਰਾ, ਅੰਧਕਾਰ ਹੀ ਅੰਧਕਾਰ ਨਜ਼ਰ ਆ ਰਿਹਾ ਹੈ। ਜਦੋਂ ਅੰਧੇਰਾ ਹੈ ਤਾਂ ਲੁੱਟ ਖੋਹ ਤਾਂ ਹੋਣੀ ਹੀ ਹੈ। ਤੱਕੜਾ ਮਾੜੇ ਤੇ ਕੰਮਜੋਰ ਨੂੰ ਕੁੱਟੀ ਤੇ ਲੁੱਟੀ ਜਾ ਰਿਹਾ ਹੈ। ਇਹ ਸਭ ਅੰਧੇਰੇ ਕਰਕੇ ਹੀ ਹੋ ਰਿਹਾ ਹੈ । ਅੰਧੇਰਾ ਅਗਿਆਨਤਾ ਦਾ ਹੈ, ਵਿਵੇਕਹੀਣਤਾ ਦਾ ਹੈ । ਇਸ ਕਰਕੇ ਇਕ ਇਨਸਾਨ ਦੂਜੇ ਇਨਸਾਨ ਨੂੰ ਆਪਣਾ ਸਹਿਯੋਗੀ ਆਪਣੇ ਵਰਗਾ ਨਾ ਸਮਝ ਕੇ ਆਪਣਾ ਵਿਰੋਧੀ ਤੇ ਕੋਈ ਗੈਰ ਜਾਣ ਕੇ ਉਸ ਨਾਲ ਹੈਵਾਨਾ ਵਾਲਾ ਵਤੀਰਾ ਕਰ ਰਿਹਾ ਹੈ।

ਇਹ ਹੀ ਗੱਲ ਅੱਜ ਤੋਂ 2500 ਸਾਲ ਪਹਿਲਾਂ ਭਗਵਾਨ ਬੁੱਧ ਨੇ ਆਖੀ ਸੀ ਜੋ ਛੇ ਸੌ ਸਾਲ ਪਹਿਲਾਂ ਗੁਰੂ ਰਵਿਦਾਸ ਜੀ ਨੇ ਆਖੀ ਸੀ।

ਜਦੋਂ ਮਗਧ ਦੇ ਰਾਜੇ ਦਾ ਵਜੀਰ ਵੱਸਾਕਾਰਾ ਭਗਵਾਨ ਬੁੱਧ ਕੋਲ ਗਿਆ ਤਾਂ ਉਸ ਨੇ ਦੱਸਿਆ ਕਿ ਅਗਿਆਨਤਾ ਕਰਕੇ ਦੁਨੀਆਂ ਵਿੱਚ ਇਨਸਾਨ ਦੀ ਇਨਸਾਨ ਕਦਰ ਨਹੀਂ ਕਰਦਾ ਅਤੇ ਗਿਆਨਵਾਨ ਵਿੱਅਕਤੀ ਦੀ ਕਦਰ ਸਾਰੇ ਜਹਾਨ ਵਿੱਚ ਹੁੰਦੀ ਹੈ । ਅਸੀਂ ਬ੍ਰਾਹਮਣ ਗਿਆਨਵਾਨ, ਬੁੱਧੀਮਾਨ ਅਤੇ ਸਿਆਣਾ ਵਿੱਅਕਤੀ ਉਸ ਨੂੰ ਮੰਨਦੇ ਹਾਂ ਜਿਸ ਵਿੱਚ ਹੇਠਲੇ ਚਾਰ ਗੁਣ ਹੋਣ :-

1. ਉਹ ਵਿੱਅਕਤੀ ਜਿਸ ਨੂੰ ਕੋਈ ਗੱਲ ਦੱਸੀ ਜਾਵੇ, ਸੁਣਾਈ ਜਾਵੇ ਤਾਂ ਸੁਣਦੇ ਸਾਰ ਹੀ ਉਹ ਸਮਝ ਜਾਵੇ ਅਤੇ ਕਹੀ ਗਈ ਗੱਲ ਦੇ ਭਾਵ ਅਰਥ ਕਰ ਦੇਵੇ। ਐਸਾ ਵਿੱਅਕਤੀ ਗਿਆਨੀ ਹੁੰਦਾ ਹੈ ਉਹ ਫਟਾ ਫਟ ਕਹੀ ਗਈ ਗੱਲ ਦੇ ਅਰਥ ਦੱਸ ਦਿੰਦਾ ਹੈ ਅਤੇ ਕਥਨ ਦਾ ਮਨੋਰਥ ਵੀ।
2. ਜਿਸ ਵਿੱਅਕਤੀ ਦੀ ਯਾਦ ਸ਼ਕਤੀ ਬਹੁਤ ਜ਼ਿਆਦਾ ਹੋਵੇ, ਬਹੁਤ ਦੇਰ ਪਹਿਲਾਂ ਕਹੀ ਗਈ ਗੱਲ ਵੀ ਉਸ ਨੂੰ ਚੇਤੇ ਹੋਵੇ। ਐਸਾ ਵਿੱਅਕਤੀ ਦੱਸ ਦਿੰਦਾ ਹੈ ਕਿ ਇਹੋ ਜਿਹੀ ਘਟਨਾ ਕਦੋਂ, ਕਿਵੇਂ ਅਤੇ ਕਿਥੇ ਵਾਪਰੀ ਸੀ।
3. ਜੋ ਵਿੱਅਕਤੀ ਘਰ ਪਰਿਵਾਰ ਤੇ ਵਣਜ ਵਪਾਰ ਦੇ ਕੰਮ ਵਿੱਚ ਮਾਹਰ ਹੋਵੇ ਉਸ ਨੂੰ ਅਸੀਂ ਗਿਆਨਵਾਨ ਆਖਦੇ ਹਾਂ।
4. ਉਹ ਵਿੱਅਕਤੀ ਜੋ ਸਾਧਨ ਸੰਪਨ ਹੋਵੇ ਅਤੇ ਉਸ ਅੱਗੇ ਕੋਈ ਸੁਆਲ ਕੀਤਾ ਜਾਵੇ ਤਾਂ ਉਹ ਉਸ ਦਾ ਹੱਲ ਕੱਢ ਦੇਵੇ ਤਾਂ ਐਸੇ ਵਿੱਅਕਤੀ ਨੂੰ ਵੀ ਅਸੀਂ ਵਿਦਵਾਨ ਆਖਦੇ ਹਾਂ।

ਹੁਣ ਅਸੀਂ ਬ੍ਰਾਹਮਣ ਤਾਂ ਇਹ ਚਾਰ ਗੁਣ ਪ੍ਰਵੀਨ ਵਿੱਅਕਤੀ ਨੂੰ ਵਿਦਵਾਨ ਮੰਨਦੇ ਹਾਂ, ਜਿਸ ਦੀ ਕਦਰ ਹਰ ਥਾਂ ਤੇ ਹੁੰਦੀ ਹੈ ਤੁਸੀਂ ਦੱਸੋ ਇਹ ਠੀਕ ਹੈ ? ਜਾਂ ਕਹੋ ਕਿ ਮੈਂ ਗਲਤ ਬਿਆਨੀ ਕੀਤੀ ਹੈ।

ਤਾਂ ਗੌਤਮ ਬੁੱਧ ਨੇ ਕਿਹਾ ਕਿ ਪੰਡਤ ਜੀ ਮੈਂ ਨਹੀਂ ਕਹਿੰਦਾ ਕਿ ਇਹ ਚਾਰ ਗੁਣ ਵਾਲਾ ਵਿੱਅਕਤੀ ਵਿਦਵਾਨ ਹੈ। ਮੈਂ ਇਹ ਵੀ ਨਹੀਂ ਕਹਿੰਦਾ ਕਿ ਉਹ ਵਿਦਵਾਨ ਨਹੀਂ ਹੈ।

ਪਰ ਜਿਸਨੂੰ ਮੈਂ ਵਿਦਵਾਨ ਆਖਦਾ ਹਾਂ ਉਸ ਦੇ ਕੋਲ ਵੀ ਚਾਰ ਗੁਣ ਹੁੰਦੇ ਹਨ। ਉਹ ਚਾਰ ਗੁਣ ਵੱਖਰੇ ਹਨ।

ਵਿਦਵਾਨ ਵਿੱਅਕਤੀ ਬਹੁਤਾਤ ਮਨੁੱਖੀ ਜੀਵਾਂ ਦੇ ਭਲੇ ਅਤੇ ਖੁਸ਼ੀਆਂ ਲਈ ਕੰਮ ਕਰਦਾ ਹੈ। ਉਹ ਮਨੁੱਖਾਂ ਅਤੇ ਜੀਵਾਂ ਨੂੰ ਕੁਦਰਤ ਦੇ ਪ੍ਰੇਮ ਵਿੱਚ ਰੰਗਿਆ ਦੇਖਦਾ ਹੈ ਤੇ ਕੁਦਰਤ ਦੀ ਅਮੋਲਕ ਦਾਤ ਮੰਨਦਾ ਹੈ। ਇਹ ਪ੍ਰੇਮ ਹੀ ਕੁਦਰਤ ਅਤੇ ਮਨੁੱਖ ਵਿਚਕਾਰ ਇਕ ਬੇਜੋੜ ਅਤੇ ਲਾਭਦਾਇਕ ਕੜੀ ਹੈ। ਐਸਾ ਵਿੱਅਕਤੀ ਹੇਠਲੇ ਚਾਰ ਗੁਣਾਂ ਵਾਲਾ ਹੁੰਦਾ ਹੈ।

1. ਇਕ ਵਿਦਵਾਨ ਵਿਅਕਤੀ ਆਪਣੀ ਸੋਚ ਨੂੰ ਜਿਸ ਵੀ ਲਗਨ ਵਿੱਚ ਚਾਹੇ ਲਾ ਸਕਦਾ ਹੈ। ਆਪਣੀ ਸੋਚ ਸ਼ਕਤੀ ਆਪਣੀ ਮਰਜੀ ਮੁਤਾਬਿਕ ਮੋੜ ਸਕਦਾ ਹੈ। ਜੋ ਕੁਝ ਨਾ ਸੋਚਣ ਦੀ ਉਸ ਦੀ ਚਾਹਤ ਹੋਵੇ ਉਸ ਬਾਰੇ ਬਿਲਕੁਲ ਨਹੀਂ ਸੋਚਦਾ। ਜੋ ਸੋਚਦਾ ਹੈ ਉਸ ਨੂੰ ਸਮਝਦਾ ਵੀ ਹੈ।
2. ਆਪਣੀ ਨੀਅਤ ਨੂੰ ਆਪਣੇ ਇਰਾਦਿਆਂ ਨੂੰ ਆਪਣੀ ਚਾਹਤ ਦੇ ਮੁਤਾਬਿਕ ਪ੍ਰਪੱਕ ਰੱਖਦਾ ਹੈ। ਇਸ ਤਰ੍ਹਾ ਉਹ ਆਪਣੇ ਮਨ ਤੇ ਕਾਬੂ ਪਾ ਕੇ ਮਨ ਦਾ ਗੁਲਾਮ ਨਹੀਂ, ਸਗੋਂ ਮਾਸਟਰ ਬਣ ਜਾਂਦਾ ਹੈ। 'ਮਨ ਜੀਤੇ ਜਗ ਜੀਤ॥'
3. ਉਹ ਆਪਣੀ ਇੱਛਾ ਸ਼ਕਤੀ ਵੀ ਮਜਬੂਤ ਰੱਖਦਾ ਹੈ। ਇਸ ਤਰ੍ਹਾਂ ਉਹ ਮਜਬੂਤ ਇਰਾਦਿਆਂ ਦੁਆਰਾ ਬਿਨਾਂ ਕਿਸੇ ਮੁਸ਼ਕਲ ਅਤੇ ਤਕਲੀਫ ਤੋਂ ਇਸ ਜੀਵਨ ਦੀ ਸ਼ੁੱਧ ਸੋਚ ਦੀਆਂ ਚਾਰੇ ਵਡਮੁੱਲੀਆਂ ਵਸਤਾਂ ਪ੍ਰਾਪਤ ਕਰ ਲੈਂਦਾ ਹੈ। ਇਹ ਵੀ ਇਸ ਜੀਵਨ ਦੀ ਅਮਲੋਕ ਬਖਸ਼ਿਸ਼ (ਦਾਤ) ਹੈ। ਇਹ ਅਮੋਲਕ ਵਸਤਾਂ ਹਨ, 'ਧਰਮ', 'ਅਰਥ', 'ਕਾਮ', 'ਮੋਖ'। ਉਹ ਅਰਥ ਅਤੇ ਕਾਮ ਨੂੰ ਜਿੰਦਗੀ ਦੀ ਚਲ ਰਹੀ ਨਦੀ ਦੇ ਦੋ ਕਿਨਾਰਿਆਂ ਧਰਮ ਤੇ ਮੋਖ ਦੇ ਅੰਦਰ ਰੱਖਦਾ ਹੈ। ਸ਼ੀਲ ਅਤੇ ਸੰਜਮ ਦਾ ਧਾਰਨੀ ਬਣ ਕੇ ਧਰਮ ਦੇ ਕਿਨਾਰੇ ਤੋਂ ਮੋਖ ਦੇ ਕਿਨਾਰੇ ਪਹੁੰਚ ਜਾਂਦਾ ਹੈ ਅਤੇ ਅਰਥ (ਜੀਵਨ ਵਿੱਚ ਧੰਨ ਦੌਲਤ) ਕਾਮ (ਪ੍ਰੀਵਾਰਕ ਜੀਵਨ) ਵਿੱਚ ਰਹਿੰਦਾ ਹੋਇਆ ਜੀਵਨ ਦੇ ਮਕਸਦ ( ਮੁਕਤ ਦੁਆਰ) ਤੇ ਪਹੁੰਚ ਜਾਂਦਾ ਹੈ।
4. ਇਕ ਵਿਦਵਾਨ ਵਿੱਅਕਤੀ ਆਪਣੀਆਂ ਕਾਮਨਾਵਾਂ, ਵਿਸ਼ੇ ਵਿਕਾਰਾਂ, ਆਸ਼ਾਵਾਂ, ਵਾਸਨਾਵਾਂ, ਤ੍ਰਿਸ਼ਨਾ, ਰਾਗ ਅਤੇ ਦਵੈਖ ਉਪਰ ਕਾਬੂ ਪਾ ਲੈਂਦਾ ਹੈ ਅਤੇ ਆਪਣੇ ਇਸ ਜੀਵਨ ਵਿੱਚ ਇਹਨਾਂ ਨੂੰ ਖੁਦ ਪੂਰੀ ਤਰ੍ਹਾਂ ਜਾਣ ਲੈਂਦਾ ਹੈ। ਉਹ ਸੁਰਤ, ਮਤਿ ਮਨ, ਬੁੱਧੀ ਦੀ ਸੂਝ ਬੂਝ ਵੀ ਰੱਖਦਾ ਹੈ। ਮੈਂ ਐਸੇ ਵਿੱਅਕਤੀ ਨੂੰ ਵਿਦਵਾਨ ਆਖਦਾ ਹਾਂ। ਐਸਾ ਵਿੱਅਕਤੀ ਹੀ ਮਹਾਨ ਪੁਰਖ ਹੁੰਦਾ ਹੈ।

ਅਸੀਂ ਦੇਖਦੇ ਹਾਂ ਕਿ ਗੌਤਮ ਬੁੱਧ ਵਲੋਂ ਦੱਸੇ ਗਏ ਸੰਦੇਸ਼ ਨੂੰ ਸਤਿਗੁਰੂ ਰਵਿਦਾਸ ਜੀ ਇਕ ਉਚੇ ਅਤੇ ਸੁੱਚੇ ਪੈਗਾਮ ਰਾਹੀਂਸਾਡੇ ਜੀਵਨ ਨੂੰ ਖੁਸ਼ਹਾਲ ਕਰਨ ਲਈ 2000 ਸਾਲ ਬਾਅਦ ਇੰਨ ਬਿਨ ਪ੍ਰਗਟ ਕਰਦੇ ਹਨ ਅਤੇ ਦੱਸਦੇ ਹਨ।

'ਮਾਧੋ ਅਵਿਦਿਆ ਹਿਤ ਕੀਨ। ਵਿਵੇਕ ਦੀਪ ਮਲੀਨ॥' ਅਤੇ ਦੱਸਦੇ ਹਨ ਕਿ ਦੀਵਾ ਵੀ ਹੈ, ਬੱਤੀ ਵੀ ਹੈ, ਤੇਲ ਵੀ ਹੈ। ਪਰ ਰੌਸ਼ਨੀ ਫਿਰ ਵੀ ਨਹੀਂ। ਕਿਉਂ ?

ਰੌਸ਼ਨੀ ਤਾਂ ਜੋਤਿ ਨੇ ਦੇਣੀ ਹੈ। ਗਿਆਨ, ਪ੍ਰਕਾਸ਼ ਜੇ ਦੀਵੇ ਨੇ ਦੇਣਾ ਹੁੰਦਾ ਤਾਂ ਸਾਰੇ ਸੰਸਾਰ ਵਿੱਚ ਗਿਆਨ ਦਾ ਪ੍ਰਕਾਸ਼ ਹੋ ਜਾਣਾ ਸੀ। ਪਰ ਅੱਜ ਇਹ ਦੀਵੇ ਤਾਂ ਹਨ, ਤੇਲ ਵੀ ਹੈ, ਬੱਤੀ ਵੀ ਹੈ। ਪਰ ਸਾਰੇ ਬੁਝੇ ਹੋਏ ਦੀਵੇ ਹਨ। ਇਸ ਕਰਕੇ ਹਨੇਰਾ ਦੂਰ ਨਹੀਂ ਹੋ ਰਿਹਾ।

ਪਰ ਜੇ ਕੋਈ ਛੋਟਾ ਜਿਹਾ ਦੀਵਾ ਜਗ ਵੀ ਰਿਹਾ ਹੈ ਤਾਂ ਉਸ ਦੀਵੇ ਨੂੰ ਭਰੋਸਾ ਨਹੀਂ ਕਿ ਇਸ ਘੁੱਪ ਹਨੇਰੇ ਅੰਦਰ ਉਸ ਦੀ ਰੌਸ਼ਨੀ ਉਸ ਨੂੰ ਦੂਰ ਮੰਜਲ ਤੱਕ ਦੇਖਣ ਵਿੱਚ ਸਹਾਈ ਹੋ ਸਕੇਗੀ। ਕਿਉਂਕਿ ਉਹ ਸਮਝ ਰਿਹਾ ਹੈ ਕਿ ਦੀਵੇ ਦੀ ਰੌਸ਼ਨੀ ਤਾਂ ਇਕ ਕਿਲੋਮੀਟਰ ਤੱਕ ਹੀ ਪਹੁੰਚਦੀ ਹੈ। ਮੰਜਲ 1000 ਕਿਲੋਮੀਟਰ ਦੂਰ ਹੈ। ਅੱਗੇ ਤਾਂ ਘੁੱਪ ਹਨੇਰਾ ਹੋਵੇਗਾ। ਪਰ ਇਹ ਵਿਵੇਕ ਦਾ ਦੀਵਾ ਮਲੀਨ ਹੋਣ ਕਰਕੇ ਹੀ ਸਤਿਗੁਰੂ ਰਵਿਦਾਸ ਜੀ ਆਖਦੇ ਹਨ ਕਿ ਵਿਵੇਕ ਦਾ ਦੀਵਾ ਮਲੀਨ ਹੋ ਗਿਆ ਹੈ। ਇਹ ਜਗਿਆ ਹੋਇਆ ਦੀਵਾ ਵੀ ਵਿਵੇਕਹੀਣਤਾ ਕਰਕੇ ਬੇਅਸਰ ਹੈ। ਤਾਂ ਹੀ ਸਤਿਗੁਰੂ ਰਵਿਦਾਸ ਜੀ ਸੁਚੇਤ ਕਰਦੇ ਹਨ ਕਿ ਉਠ ! ਤੂੰ ਚੱਲ!! ਜਦੋਂ ਇਕ ਕਿਲੋਮੀਟਰ ਜਾਵੇਗਾ, ਚਲੇਗਾ ਤਾਂ ਇਸੇ ਦੀਵੇ ਦੀ ਰੌਸ਼ਨੀ ਇਕ ਕਿਲੋਮੀਟਰ ਹੋਰ ਅੱਗੇ ਚਲੀ ਜਾਵੇਗੀ। ਜਿਵੇਂ ਜਿਵੇਂ ਚਲਦਾ ਰਹੇਗਾ ਰੌਸ਼ਨੀ ਵੀ ਚਲਦੀ ਰਹੇਗੀ ਅਤੇ ਮੰਜਲ ਤੱਕ ਪਹੁੰਚਣ ਦਾ ਰਸਤਾ ਅੰਧਿਆਰਾ ਛੱਡ ਕੇ ਰੌਸ਼ਨ ਹੁੰਦਾ ਜਾਵੇਗਾ। ਫਿਰ ਇਹ ਜੀਵਨ ਦਾ ਪੰਧ ਹਨੇਰ ਵਿੱਚ ਨਹੀਂ, ਜਾਗਰਿਤ ਅਵਸਥਾ ਵਿੱਚ,ਰੌਸ਼ਨੀ ਵਿੱਚ ਕਟੇਗਾ । ਇਸ ਮਲੀਨਤਾ ਦਾ ਕਾਰਨ ਸਤਿਗੁਰ ਰਵਿਦਾਸ ਜੀ ਦੱਸਦੇ ਹਨ,"ਤੁਮ ਕਹਿਅਤ ਹੈ ਜਗਤ ਗੁਰ ਸੁਆਮੀ। ਹਮ ਕਹਿਅਤ ਕਲਿਜੁਗ ਕੇ ਕਾਮੀ॥

ਅਸੀਂ ਦੁਖ ਵਿੱਚ ਕਿਉਂ ਹਾਂ? ਅਸੀਂ ਅੰਧਕਾਰ ਵਿੱਚ ਕਿਉਂ ਹਾਂ? ਕਿਉਂਕਿ ਅਸੀਂ ਕਾਮਨਾਵਾਂ ਨਾਲ ਭਰੇ ਹੋਏ ਹਾਂ । ਅਸੀਂ ਸਮਝਣਾ ਹੈ ਕਿਸਾਡੀ ਕਾਮਨਾ ਕਿਸ ਤਰ੍ਹਾਂ ਸਾਡੇ ਮਨੁੱਖ ਬਣਨ ਵਿੱਚ ਰੁਕਾਵਟ ਬਣ ਕੇ ਖੜ੍ਹੀ ਹੋਈ ਹੈ। ਬਾਧਕ ਬਣੀ ਹੋਈ ਹੈ। ਕਿਸ ਤਰ੍ਹਾਂ ਇਹ ਸਾਡੀ ਸੁਰਤ ਨੂੰ ਸਾਡੇ ਸੁਧ ਆਪੇ ਨਾਲ, ਸਚਾਈ ਨਾਲ, ਕੁਦਰਤੀ ਵਾਤਾਵਰਨ ਨਾਲ ਜੁੜਨ ਨਹੀਂ ਦਿੰਦੀ। ਕਿਸ ਤਰ੍ਹਾਂ ਅਸੀਂ ਕਾਲਪਨਿਕ ਅਤੇ ਝੂਠੀ ਜਿੰਦਗੀ ਜੀ ਰਹੇ ਹਾਂ। ਕਿਸ ਤਰ੍ਹਾਂ ਅਸੀਂ ਭੀੜ ਦੇ ਮਗਰ ਲੱਗ ਕੇ, ਭੀੜ ਦਾ ਅਨੁਸ਼ਰਨ ਕਰਕੇ, ਆਪਣੇ ਅਸਲ ਤੋਂ ਦੂਰ ਨਕਲੀ ਜੀਵਨ ਜੀ ਰਹੇ ਹਾਂ। ਅਸਾਡੀਆਂ ਕਾਮਨਾਵਾਂ, ਖਾਹਸ਼ਾਂ ਅਤੇ ਵਾਸਨਾਵਾਂ ਇਸ ਤਰ੍ਹਾਂ ਨਿਕਲਦੀਆਂ ਹਨ ਜਿਵੇਂ ਪਹਾੜ ਵਿੱਚੋਂ ਪਾਣੀ ਦੇ ਝਰਨੇ ਨਿਕਲਦੇ ਹਨ। ਜੇ ਝਰਨੇ ਨੂੰ ਰਵਾਨਗੀ ਨਹੀਂ ਮਿਲੀ ਤਾਂ ਅੱਗੇ ਪਾਣੀ ਨਹੀਂ ਚਲੇਗਾ। ਇਸ ਤਰ੍ਹਾਂ ਕਾਮਨਾ ਨੂੰ ਰਵਾਨਗੀ ਨਹੀਂ ਮਿਲੀ ਤਾਂ ਕਾਮਨਾ ਅੱਗੇ ਨਹੀਂ ਚਲਦੀ । ਉਥੇ ਰੁਕ ਜਾਂਦੀ ਹੈ। ਪਰ ਇਹ ਰੁਕਾਵਟ ਵਕਤੀ ਹੈ। ਜਿਵੇਂ ਅੱਗੇ ਕੋਈ ਛੱਪੜ ਆ ਜਾਵੇ ਜਾਂ ਝੀਲ ਆ ਜਾਵੇ ਤਾਂ ਪਾਣੀ ਕੁਝ ਸਮੇਂ ਲਈ ਰੁਕ ਜਾਂਦਾ ਹੈ ਪਰ ਉਹ ਝੀਲ ਭਰਨ ਤੋਂ ਬਾਅਦ ਕਾਮਨਾ ਹੋਰ ਅੱਗੇ ਤੁਰਦੀ ਹੈ। ਇਸ ਤਰ੍ਹਾਂ ਝੀਲਾਂ, ਤਲਾਬਾਂ ਅਤੇ ਛੱਪੜਾਂ ਨੂੰ ਪਾਰ ਕਰਕੇ ਝਰਨੇ ਦਾ ਪਾਣੀ ਆਪਣੇ ਅਸਲੀ ਕੇਂਦਰ, ਸਮੁੰਦਰ ਵਲ ਤੁਰਦਾ ਹੈ।

ਇਸੇ ਤਰ੍ਹਾਂ ਸਾਡੀਆਂ ਕਾਮਨਾਵਾਂ ਇਕ ਤੋਂ ਬਾਅਦ ਇਕ ਅੱਗੇ ਦੀ ਅੱਗੇ ਰਵਾਨਗੀ ਲੈਂਦੀਆਂ ਰਹਿੰਦੀਆਂ ਹਨ। ਥਾਂ-ਥਾਂ ਤੇ ਵਕਤੀ ਤੌਰ ਤੇ ਰੁਕਦੀਆਂ ਹਨ। ਪਰ ਸਾਡੀ ਕਾਮਨਾ ਆਪਣੇ ਕੇਂਦਰ ਨਾਲ ਜੁੜਨ ਦੀ ਨਹੀਂ ਹੈ। ਧਰਮ ਨਾਲ ਜੁੜਨ ਦੀ ਨਹੀਂ ਹੈ।'ਜਗਤ ਗੁਰ ਸੁਆਮੀ' ਨਾਲ ਜੁੜਦੀ ਦੀ ਨਹੀਂ ਹੈ। ਸਾਡੀ ਕਾਮਨਾ ਧੰਦੇ ਦੀ ਹੈ, ਪੈਸੇ ਦੀ ਹੈ, ਪਦਵੀਂ ਦੀ ਹੈ, ਰਾਜ ਸੱਤਾ ਦੀ ਹੈ, ਇਸਤਰੀ ਦੀ ਪਤੀ ਦੀ, ਪੁੱਤਰਾਂ ਧੀਆਂ ਦੀ, ਪਰਿਵਾਰ ਦੀ, ਰਿਸ਼ਤੇਦਾਰਾਂ ਦੀ ਹੈ, ਪੱਤ ਪ੍ਰਤੀਸ਼ਠਾ ਦੀ ਹੈ। ਗੁਰਦਆਰੇ, ਮੰਦਰ, ਮਸੀਤ, ਗਿਰਜਾਘਰ ਆਦਿ ਵਿੱਚ ਵੀ ਸਾਡੀ ਕਾਮਨਾ, ਗੁਰੂ ਤੀਕ, ਸੇਵਾ ਤੱਕ, ਸੁਤੰਤਰਤਾ ਤੱਕ ਨਹੀਂ ਪਹੁੰਚਦੀ। ਅਸੀਂ ਗੁਰੂ ਘਰ ਕਥਾ ਕੀਰਤਨ ਜਾਂ ਸੰਗਤ ਦੀ ਸੇਵਾ ਵਾਸਤੇ ਨਹੀਂ ਜਾਂਦੇ। ਸਾਡੀ ਕਾਮਨਾ ਲੁਕੀ ਹੋਈ ਹੈ, ਕਿਸੇ ਹੋਰ ਚੀਜ਼ ਦੀ ਹੈ। ਅਸੀਂ ਗੁਰੂ ਨੂੰ ਮੰਨਣ ਲਈ ਨਹੀਂ, ਮੰਗ ਮੰਗਣ ਲਈ ਜਾਂਦੇ ਹਾਂ।

"ਮਾਥੇ ਤਿਲਕ ਹੱਥ ਮਾਲਾ ਬਾਨਾ।
ਲੋਗਨ ਰਾਮ ਖਿਲਾਉਣਾ ਜਾਣਾ ॥"

ਸਾਡੀ ਸੁਰਤ ਤਾਂ ਕਾਮਨਾ, ਇਛਾਵਾਂ ਨਾਲ ਜੁੜੀ ਹੋਈ ਹੈ। ਕਾਮਨਾ ਧਰਮ ਦੀ ਹੈ ਜਾਂ ਸੰਸਾਰ ਦੀ। ਪਰਿਵਾਰ ਦੀ ਹੈ ਜਾਂ ਨਿੰਰਕਾਰ ਦੀ। ਸਾਡਾ ਧੰਦਾ ਵੀ ਧਰਮ ਬਣ ਸਕਦਾ ਹੈ ਅਤੇ ਧਰਮ ਵੀ ਧੰਦਾ ਬਣ ਜਾਂਦਾ ਹੈ । ਇਹ ਸਭ ਅਸਾਡੀ ਕਾਮਨਾ ਨਾਲ ਜੁੜਿਆ ਹੈ। ਕਾਮਨਾ ਪ੍ਰਮਾਰਥ ਦੀ ਹੈ ਜਾਂ ਪਦਾਰਥ ਦੀ ਹੈ।

ਸਤਿਗੁਰ ਰਵਿਦਾਸ ਜੀ ਧੰਦਾ ਕਰ ਰਹੇ ਹਨ। ਜੁੱਤੀਆਂ ਗੰਢਦੇ ਹਨ, ਉਹ ਵੀ ਧਰਮ ਹੈ । ਕਿਉਂਕਿ ਕਾਮਨਾ ਆਪਣੇ ਆਪੇ ਨਾਲ ਜੁੜੀ ਹੋਈ ਹੈ, ਸੱਚ ਨਾਲ, ਕੇਂਦਰ ਨਾਲ ਜੁੜੀ ਹੋਈ ਹੈ। ਉਧਰ ਗੰਗਾ ਰਾਮ ਪੰਡਤ ਹੈ ਹਰ ਸਾਲ ਗੰਗਾ ਇਸ਼ਨਾਨ ਲਈ ਜਾਂਦਾ ਹੈ। ਪੈਦਲ ਯਾਤਰਾ ਕਰਦਾ ਹੈ, ਧਰਮ ਕਾਰਜ ਹੈ ਪਰ ਪਾਖੰਡ ਹੈ, ਧਰਮ ਵੀ ਧੰਦਾ ਹੈ। ਕਾਮਨਾ ਹੈ, ਉਚ ਵਰਣ ਦੀ, ਦਯਾ ਦੀ ਨਹੀਂ ਹੈ। ਕ੍ਰਿਤ ਦੀ ਮਹਾਨਤਾ ਨੂੰ ਨਹੀਂ ਸਮਝਦਾ, ਕੇਵਲ ਕਰਮ ਕਾਂਡ ਵਿੱਚ ਹੀ ਰੁਝਿਆ ਹੋਇਆ ਹੈ। ਇਸ ਲਈ ਅਹੰਕਾਰੀ ਹੈ। ਤਾਂ ਤੇ ਸਤਿਗੁਰ ਰਵਿਦਾਸ ਜੀ ਪੈਗਾਮ ਦੇ ਰਹੇ ਹਨ।

"ਹਮ ਕਹੀਅਤ ਕਲਿਯੁਗ ਕੇ ਕਾਮੀ॥"

ਇਸ ਕਾਮਨਾ ਕਰਕੇ ਹੀ ਆਸ਼ਾ ਬਣਦੀ ਹੈ। ਆਸ਼ਾ ਹੀ ਸੰਕਲਪ ਪੈਦਾ ਕਰਦੀ ਹੈ। ਜਦੋਂ ਸੰਕਲਪ ਪੂਰੇ ਨਹੀਂ ਹੁੰਦੇ ਤਾਂ ਵਿਆਕੁਲਤਾ, ਬੇਚੈਨੀ ਪੈਦਾ ਹੋ ਜਾਂਦੀ ਹੈ। ਇਹ ਹਾਲਤ ਤਦੋਂ ਹੁੰਦੀ ਹੈ ਜਦੋਂ ਕਾਮਨਾ ਦੀ ਨਦੀ ਰੁਕ ਜਾਂਦੀ ਹੈ, ਦੁਨੀਆਂ ਦੀ ਝੂਠੀ ਮਾਣ ਮਰਿਆਦਾ ਵਿੱਚ। ਹੁਣ ਕਾਮਨਾ ਦੀ ਨਦੀ ਵਿੱਚ ਰੁੜ੍ਹਦਾ ਜਾ ਰਿਹਾ ਇਨਸਾਨ ਕੋਈ ਸਹਾਰਾ ਚਾਹੁੰਦਾ ਹੈ। ਪਰ ਵਿਆਕੁਲਤਾ ਹੈ, ਬੇਚੈਨੀ ਹੈ। ਜੀਵਨ ਇਸੇ ਤਰ੍ਹਾਂ ਅੰਧਕਾਰ ਵਿੱਚ ਬਤੀਤ ਹੋਈ ਜਾ ਰਿਹਾ ਹੈ। ਹੁਣ ਇਹ ਨਦੀ ਜੋ ਕਾਮਨਾਵਾਂ ਦੇ ਵਹਾਉ ਦੀ ਹੈ, ਉਸ ਦੇ ਕਿਨਾਰੇ ਇਕ ਦਰੱਖਤ ਨੂੰ ਦੇਖਦਾ ਹੈ । ਇਹ ਦਰੱਖਤ ਹੈ ਸਬਰ ਦਾ, ਧੀਰਜ ਦਾ, ਇਸ ਦਾ ਸਹਾਰਾ ਮਿਲ ਸਕਦਾ ਹੈ। ਪਰ ਇਹ ਵਿਵੇਕਹੀਣ ਮਾਨਸ, ਅਗਿਆਨੀ ਇਨਸਾਨ ਸਬਰ ਦੇ ਦਰੱਖਤ ਦਾ ਸਹਾਰਾ ਲੈਣ ਦੀ ਥਾਂ ਬੇਸਬਰਾ ਹੈ । ਕਿਉਂਕਿ ਆਸ਼ਾ ਦੀ ਨਦੀ ਵਿੱਚ ਜੋ ਕਾਮਨਾ ਦਾ ਵੇਗ ਚਲਦਾ ਹੈ, ਉਸ ਨਾਲ ਸੰਕਲਪ ਦਾ ਪਾਣੀ, ਤ੍ਰਿਸ਼ਨਾ ਦੀਆਂ ਲਹਿਰਾਂ ਨੂੰ ਤੇਜ ਕਰ ਦਿੰਦਾ ਹੈ। ਇਸ ਨਾਲ ਵਿਆਕੁਲਤਾ ਦੀ ਗਹਿਰਾਈ ਵੱਧ ਜਾਣ ਕਰਕੇ ਸਬਰ ਟੁੱਟ ਜਾਂਦਾ ਹੈ। ਐਸੇ ਸਮੇਂ ਅਸੀਂ ਆਖ ਦਿੰਦੇ ਹਾਂ ਇਹ ਤਾਂ ਬਦ-ਨਸੀਬ ਬੰਦਾ ਹੈ। ਇਹ ਬਦਨਸੀਬੀ ਤਾਂ ਮਨੁੱਖ ਦੀ ਆਪਣੀ ਬਣਾਈ ਹੋਈ ਹੈ। ਇੱਥੇ ਫਿਰ ਵੀ ਇਸ ਕੋਲ ਮੌਕਾ ਹੈ। ਇਸ ਇਨਸਾਨ ਨੂੰ ਬੁੱਧੀ ਦਿੱਤੀ ਹੈ, ਕੁਦਰਤ ਨੇ। ਪਰ ਜਦੋਂ ਇਹ ਬੰਦਾ ਇਸ ਬੁੱਧੀ ਦੀ ਕਿਸ਼ਤੀ ਬਣਾ ਕੇ ਕਾਮਨਾ ਦੀ ਨਦੀ ਪਾਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਕਿਸ਼ਤੀ ਵੀ ਡੁੱਬ ਜਾਂਦੀ ਹੈ। ਸਤਿਗੁਰ ਰਵਿਦਾਸ ਜੀ ਸੁਚੇਤ ਕਰਦੇ ਹਨ ਕਿ ਮਨੁੱਖੀ ਬੇੜੀ ਨੂੰ ਤਾਂ ਪਾਣੀ ਵਿੱਚ ਤਰਨਾ ਚਾਹੀਦਾ ਹੈ । ਪਰ ਬੇੜੀ ਡੁੱਬੀ ਕਿਉਂ? ਬੇੜੀ ਸੜਕਾਂ ਤੇ ਚੱਲਣ ਵਾਸਤੇ ਨਹੀਂ ਹੁੰਦੀ। ਬੇੜੀ ਤਾਂ ਪਾਣੀ ਵਿੱਚ ਤਰਨ ਵਾਸਤੇ ਸੀ। ਪਰ ਫਿਰ ਕਿਉਂ ਡੁੱਬੀ ? ਬੇੜੀ ਜਿੰਨੀ ਦੇਰ ਤੱਕ ਪਾਣੀ ਵਿੱਚ ਰਹਿੰਦੀ ਹੈ। ਉਹ ਤੈਰਦੀ ਰਹਿੰਦੀ ਹੈ, ਪਰ ਜਦੋਂ ਪਾਣੀ ਬੇੜੀ ਵਿੱਚ ਪੈ ਜਾਂਦਾ ਹੈ ਤਾਂ ਬੇੜੀ ਡੁੱਬ ਜਾਂਦੀ ਹੈ। ਉਥੇ ਸਤਿਗੁਰ ਰਵਿਦਾਸ ਜੀ ਦੱਸਦੇ ਹਨ "ਐ ਮੂਰਖ ਜੇ ਤੂੰ ਬੁੱਧੀ (ਗੁਰਮਤਿ) ਦਾ ਇਸਤੇਮਾਲ ਕਰਦਾ ਤਾਂ ਵੀ ਇਸ ਕਾਮਨਾ ਦੀ ਨਦੀ ਨੂੰ ਪਾਰ ਕਰ ਲੈਂਦਾ ਪਰ ਤੂੰ ਤਾਂ ਮਨ ਮਤਿ ਕਰਨ ਲਗ ਪਿਆ। ਇਸ ਮਤ ਨੇ ਤੈਨੂੰ ਡੋਬ ਦਿੱਤਾ। ਹੁਣ ਤੇਰਾ ਧੀਰਜ ਦਾ, ਸਬਰ ਦਾ ਰੁਖ ਵੀ ਢੈਅ ਗਿਆ। ਬੁੱਧੀ ਦੀ ਕਿਸ਼ਤੀ ਵੀ ਡੁੱਬ ਗਈ। ਦਿਮਾਗ ਨੇ ਵੀ ਕੰਮ ਨਾ ਕੀਤਾ। ਤਾਂ ਤੂੰ ਬੇ-ਮਤਿ ਹੋ ਗਿਆ। ਜਿਸ ਕੋਲ ਮਤਿ ਹੀ ਨਾ ਰਹੀ ਉਸ ਦੀ ਪੱਤ (ਇਜ਼ਤ) ਵੀ ਨਹੀਂ ਰਹਿੰਦੀ । ਇਜ਼ੱਤ ਨਾ ਰਹੀ ਤਾਂ ਮਾਣ ਸਨਮਾਨ ਕਿਥੋਂ? ਹੁਣ ਕਾਮ ਕ੍ਰੋਧ ਦੇ ਬਗਲੇ ਆ ਬੈਠੇ। ਰਾਗ ਅਤੇ ਈਰਖਾ ਦੇ ਮਗਰਮੱਛ ਆ ਗਏ ਕਿਉਂਕਿ ਕਾਮਨਾ ਦੀ ਬੁਲੰਦੀ ਨੂੰ ਬੰਦੇ ਨੇ ਨਹੀਂ ਮਾਪਿਆ। ਇਸ ਕਰਕੇ ਮੋਹ ਅਤੇ ਅਹੰਕਾਰ ਨੇ ਚਿੰਤਾ ਵਿੱਚ ਫਸਾ ਦਿੱਤਾ।

ਚਿੰਤਾ ਭਵਿੱਖ ਦੀ ਹੈ ਅਤੇ ਯਾਦਾਂ ਭੂਤਕਾਲ ਦੀਆਂ ਹਨ। ਵਰਤਮਾਨ ਸਮਾਪਤ ਹੋ ਗਿਆ। ਹੁਣ ਗੁਰਦੁਆਰੇ ਨੂੰ ਗੁਰਦੁਆਰੇ ਨਾਲ ਲੜਾ ਦਿੱਤਾ। ਗੁਰੂ ਨੂੰ ਗੁਰੂ ਨਾਲ ਲੜਾ ਦਿੱਤਾ। ਇਨਸਾਨੀਅਤ ਖਤਮ ਕਰ ਦਿੱਤੀ। ਗੁਰੂ ਦੀ ਮੱਤ ਲੈ ਕੇ ਆਪਣੇ ਕੇਂਦਰ ਨਾਲ ਜੁੜਨ ਦੀ ਥਾਂ ਮਨਮਤਿ ਦੁਆਰਾ ਜੀਵਨ ਦੀ ਯਾਤਰਾਂ ਵਿੱਚ ਅੱਗੇ ਵਧਣ ਦੀ ਥਾਂ, ਨਦੀ ਨੇ ਸਮੁੰਦਰ ਵਿੱਚ, ਆਪਣੇ ਕੇਂਦਰ ਨਾਲ ਜੁੜਨ ਦੀ ਥਾਂ ਸੁਕ ਸੜ ਕੇ ਆਪਣਾ ਅਸਤਿਤਵ ਗੁਆਉਣ ਦਾ ਵਸੀਲਾ ਬਣਾ ਲਿਆ ਹੈ। ਇਸ ਕਰਕੇ ਹੀ ਸਤਿਗੁਰ ਰਵਿਦਾਸ ਜੀ ਦੇ ਅਦੇਸ਼ਾਂ ਅਤੇ ਨਿਰਦੇਸ਼ਾਂ ਨੂੰ ਸੁਣਨਾ, ਸਮਝਣਾ, ਮੰਨਣਾ ਅਤੇ ਯਾਦ ਰੱਖਣਾ ਅੱਜ ਮਾਣ ਸਨਮਾਨ ਦਾ ਜੀਵਨ ਜੀਉਣ ਵਾਸਤੇ ਇਕ ਸੁਨਹਿਰੀ ਮੌਕਾ ਹੈ। ਇਥੇ ਅਸੀਂ ਇਕ ਅਤਿ ਮਹੱਤਵਪੂਰਨ ਫੈਸਲਾ ਲੈਣਾ ਹੈ। ਹੁਣ ਦੋ ਰਸਤੇ ਹਨ ਜਿਹਨਾਂ ਵਿੱਚੋਂ ਇਕ ਚੁਣਨਾ ਹੈ। ਇਕ ਰਸਤਾ ਹੈ ਭੀੜ ਦੇ ਨਾਲ ਨਾਲ ਚੱਲੋਂ ਅਤੇ ਭੀੜ ਦਾ ਅਨੁਸਰਨ ਕਰੋ। ਅਪਮਾਣਤ ਹੋਵੋ ਅਤੇ ਦੁੱਖ ਭੋਗਦੇ ਰਹੋ, ਦੂਸਰਾ ਰਸਤਾ ਹੈ, ਪ੍ਰਣ ਕਰੋ ਕਿ ਅਸੀਂ ਸੇਵਾਦਾਰ ਬਣ ਕੇ ਸੱਚ ਦੀ ਪਹਿਚਾਣ ਕਰਨੀ ਹੈ ਅਤੇ ਆਪਣੇ ਕੇਂਦਰ ਨਾਲ ਜੁੜਨਾ ਹੈ। ਇਹ ਫੈਸਲਾਸਾਡਾ ਹੈ ਅਤੇ ਅਸੀਂ ਖੁਦ ਹੀ ਕਰਨਾ ਹੈ। ਸਤਿਗੁਰ ਰਵਿਦਾਸ ਜੀ ਦੱਸਦੇ ਹਨ ਕਿ "ਸਾਧ ਸੰਗਤ ਮਿਲ ਰਹੀਏ ਮਾਧੋ। ਜੈਸੇ ਮਧੁਰ ਮਖੀਰਾ॥ ਚੰਗੀ ਸੰਗਤ ਚੰਗਾ ਬਣਾ ਦਿੰਦੀ ਹੈ ਅਤੇ ਭੈੜੀ ਸੰਗਤ ਚੰਗੇ ਨੂੰ ਵੀ ਭੈੜਾ ਬਣਾਉਣ ਦੀ ਸਮਰੱਥਾ ਰੱਖਦੀ ਹੈ। ਸਤਿਗੁਰ ਜੀ ਇਕ ਪ੍ਰਮਾਣ ਦਿੰਦੇ ਹਨ ਕਿ ਗੰਗਾ ਨਦੀ ਪਵਿੱਤਰ ਨਦੀ ਮੰਨੀ ਜਾਂਦੀ ਹੈ। ਪਰ ਜੇਕਰ ਗੰਗਾ ਦੇ ਪਾਣੀ ਨਾਲ ਸ਼ਰਾਬ ਬਣਾ ਲਈ ਜਾਵੇ ਤਾਂ ਉਹ ਸਰਾਬ ਪਵਿੱਤਰ ਨਹੀਂ ਹੋ ਸਕਦੀ ਅਤੇ ਸਾਧੂ ਜਨ ਇਸ ਦਾ ਸੇਵਨ ਨਹੀਂ ਕਰਦੇ। ਇਸ ਦੇ ਉਲਟ ਤਾੜੀ ਦਾ ਦਰੱਖਤ ਕੱਚੀ ਸ਼ਰਾਬ ਬਣਾਉਣ ਲਈ ਇਸਤੇਮਾਲ ਹੁੰਦਾ ਹੈ। ਪਰ ਜੇਕਰ ਉਸ ਤਾੜੀ ਦੇ ਦਰੱਖਤ ਦੇ ਗੁੱਦੇ ਨੂੰ ਗਾਲ ਦੇ ਉਸਦਾ ਕਾਗਜ ਬਣਾਇਆ ਜਾਵੇ ਅਤੇ ਉਸ ਕਾਗਜ਼ ਉਪਰ ਗੁਰ ਉਪਦੇਸ਼ ਲਿਖਿਆ ਜਾਵੇ ਤਾਂ ਉਹ ਤਾੜੀ ਦੇ ਪੇੜ ਦੇ ਗੁਦੇ ਤੋਂ ਬਣਿਆ ਕਾਗਜ਼ ਵੀ ਪਵਿੱਤਰ ਹੋ ਜਾਂਦਾ ਹੈ ਅਤੇ ਮਨੁੱਖ ਨੂੰ ਸਾਧੂ ਜਨ ਬਣਾ ਦਿੰਦਾ ਹੈ। ਇਹ ਸਿਰਫ ਸੰਗਤ ਦਾ ਹੀ ਅਸਰ ਹੈ।


ਹਕੀਕਤ ਦੱਸਦੇ ਹੋਏ ਸਤਿਗੁਰੂ ਰਵਿਦਾਸ ਜੀ ਰਸਤਾ ਦੱਸਦੇ ਹਨ ।

ਜਾਤੀ ਹੋਸਾ ਪਾਤੀ ਹੋਸਾ, ਹੋਸਾ ਜਨਮ ਹਮਾਰਾ॥

ਮੇਰੀ ਸੰਗਤ ਪੋਚ ਸੋਚ ਦਿਨ ਰਾਤੀ। ਕਰਮ ਕੁਟਿਲਤਾ ਜਨਮ ਕੁਭਾਤੀ॥ ਪਹਿਲਾ ਕਦਮ ਹੈ ਹੀਣਤਾ ਨੂੰ ਦੂਰ ਕਰਕੇ ਨਿਮਰਤਾ ਵੱਲ ਜਾਣਾ ਹੈ । ਜਦੋਂ ਅੰਧਿਆਰੇ ਵਿੱਚੋਂ ਨਿਕਲਕੇ, ਦੁਨੀਆਂ ਦੀ ਭੀੜ ਨੂੰ ਛੱਡ ਕੇ ਆਪਣੇ ਸ਼ੁੱਧ ਅੰਤਿਹਕਰਨ ਨਾਲ ਜੁੜਦੇ ਹਨ ਅਤੇ ਸੁਰਤ ਨੂੰ ਸ਼ਬਦ ਨਾਲ ਜੋੜ ਕੇ ਪਰਮ ਸਚਾਈ ਨੂੰ ਜਾਣ ਲੈਂਦੇ ਹਨ ਤਾਂ ਪੈਗਾਮ ਦਿੰਦੇ ਹਨ। ਰਵਿਦਾਸ ਜਪੈ ਰਾਮ ਨਾਮਾ । ਮੇਰਾ ਅਵਰ ਥਿਓ ਨਾਹੀ ਕਾਮਾ॥ ਅਤੇ ਐਲਾਨ ਕਰ ਦਿੰਦੇ ਹਨ ਅਤੇ ਸਭ ਨੂੰ ਸੱਦਾ ਦਿੰਦੇ ਹਨ । "ਕੋਈ ਹੋ ਵਣਿਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਓ ਰੀ ॥" ਆਖਦੇ ਹਨ ਕਿ ਬੇਗਮਪੁਰੇ ਦੀਆਂ ਸਵਾਰੀਆ ਰਵਿਦਾਸ ਦੇ ਗੱਡੇ ਤੇ ਬੈਠ ਕੇ ਜੀਵਨ ਦੇ ਅੰਤਮ ਪੜਾਓ ਤੇ ਪਹੁੰਚ ਸਕਦੀਆਂ ਹਨ । ਜੀਵਨ ਦੇ ਆਖਰੀ ਪੜਾਉ ਦਾ ਉਲੇਖ ਕਰਦੇ ਹੋਏ ਪਖੰਡ ਅਤੇ ਵਿਵਸਥਾ ਦੇ ਖੋਖਲੇ ਖਿਆਲਾਂ ਨੂੰ ਛੱਡ ਕੇ ਐਲਾਨ ਕਰ ਦਿੰਦੇ ਹਨ । "ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ ॥" ਆਓ ਸਤਿਗੁਰ ਰਵਿਦਾਸ ਜੀ ਦੇ ਪੈਗਾਮ ਨੂੰ ਸੁਣੀਏ, ਸਮਝੀਏ, ਮੰਨੀਏ, ਚਿੰਤਨ ਕਰੀਏ ਅਤੇ ਫਿਰ ਉਸ ਮਹਾਨ ਸਖਸ਼ੀਅਤ ਦੇ ਵਿਚਾਰਾਂ ਉਪਰ ਸ਼ਰਧਾ ਅਤੇ ਟੇਕ ਰੱਖਦੇ ਹੋਏ ਇਨਸਾਨੀ ਫਰਜ ਨੂੰ ਪੂਰਾ ਕਰੀਏ । ਇਹ ਹੀ ਸੱਚੀ ਸੰਗਤ ਹੈ ਜੀ ।

**# ਕੋਠੀ ਨੰ: 1848, ਫੇਜ਼ - 7, ਮੁਹਾਲੀ**


Nationwide®
AUTO
HOME
LIFE
BUNDLE & SAVE UPTO 25%
Let Nationwide combine your auto, home and life insurance policies. You'll get our famous On Your Side * service and you could save up to 25%. To learn more about combining your policies, call us today.
Nationwide* Insurance
www.nationwide.com/jhamat
Manjinder S Jhamat
Jhamat Insurance Agency
1743 Grand Canal Blvd. Suite 12
Stockton CA 95207
(209) 472-2061
jhamatm@nationwide.com
Products underwritten by Nationwide Mutual Insurance Company and Affiliated Companies, Columbus, OH, Subject to underwriting guidelines, review and approval. Nationwide, the Nationwide Framemark, and On Your Side are service marks of Nationwide Mutual Insurance Company, Saving compared to standalone price of each policy, based on national new customer data from May 2010. Availability and discounts vary by state and other factors. ADP-1230 (06/11)
Manjinder S Jhamat


INDIA BAZAAR
Jai Ram Gaught
Harjit Gaught (Happy)
Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210


FREE WiFi
Ram Gopal
Annabelle's
Pizza & Pasta Kitchen
200 "J" Street
Sacramento, CA 95814
(916) 448-6239
BIG SCREEN TV
Annabelle's
Pizza & Pasta Kitchen
IN OLD SACRAMENTO
PIZZA, PASTA, SPAGHETTI, BAKED MACARONI & CHEESE, SALAD BAR (16 Varieties)
Italian Buffets, Indian Foods. (Italian Buffet $6.99)
Hall free for Jago, Birth Day & Wedding Parties.
Seven days open from 11 AM to 4 PM
Features All you can eat Italian Buffet
(Our Dough is Freshly Rolled Daily and Made of the Finest Ingredients)
Now Serving Beer &Wine!
$5 DISCOUNT PARKING VALIDATION
ANNABELLE'S Downstairs
2nd Street
J Street
HANDICAP RAMP
PARKING AREA
Ram Gopal
Varieties of Video Games Available
Variety of Sandwiches are also available
FREE WiFi
FREE WiFi
FREE WiFi
FREE WiFi
Ram Gopal (916) 448-6239
200 "J" Street, Sacramento, CA 95814


website : www.worldwidetrvls.com
World Wide Travels
SPECIAL FARE
SFO-DEL (Round Trip) only $ 615
fee and taxes may apply
Lufthansa
SINGAPORE AIRLINES
ASIANA AIRLINES
BRITISH AIRWAYS
CATHAY PACIFIC
UNITED AIRLINES
CHINA AIRLINES
Coupon
$10 Discount Per ticket
Must Present this Coupon
SERVICES
*Airline Tickets
• ਏਅਰ ਲਾਈਨ ਟਿਕਟ
* International and Domestic Tickets
• ਕੌਮਾਂਤਰੀ ਅਤੇ ਘਰੇਲੂ ਟਿਕਟਾਂ
*Visa Service
• ਵੀਜ਼ਾ ਸਰਵਿਸ
* Vacation Packages
• ਵਿਕੇਸ਼ਨ ਪੈਕਜ
*Passport Services
• ਪਾਸਪੋਰਟ ਸਰਵਿਸ
*Bus Tickets (Delhi-Punjab)
• ਬੱਸ ਟਿਕਟ
WE ACCEPT
552 N. PALORA AVE. SUITE E
YUBA CITY, CA-95991
Ph. : (530) 674-4710
Fax. : (530) 673-7374
DISCOUNTED FARE
INDIA to USA
worldwidetravels@sbcglobal.net

# Sam's Auto Repair & Services

## Professional Auto Repairs & Services
## BRAKE & LAMP INSPECTION
## Domestic & Foreign Cars

**STAR CERTIFIED TEST & REPAIR STATION**

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।

**649 West Elkhorn Blvd, Suite B**

**Rio Linda, CA 95673**

**(916) 992-9004**



# UNITED CULTURE SOCIETY USA

Celebrating

Happy Valentine's day





February
Friday 14




at:- Sunlight Indian Cuisine
1775 Mitchell Rd., Ceres CA
7.00 pm to 11.00 pm

For More Information Pls. Call
209-271-5212
408-422-8585
209-242-1356



A SPECIAL NIGHT FOR SPECIAL COUPLES

## Mehfil-e-Night

Singers:
Chandan Singh Bina Sagar, Narinder Dhaliwal

so come and join the party
Dance with live DJ's

$25 each Dinner Included

For More Information Pls. Call
209-271-5212, 408-422-8585


Sponsers:
ਜਸਵੰਤ ਸਿੰਘ ਸੈਦੋਕੇ ਪ੍ਰਧਾਨ ਪ੍ਰੋਫੈਸਰ ਮੋਹਨ ਸਿੰਘ ਫਾਊਂਡੇਸ਼ਨ ਯੂ. ਐਸ. ਏ., ਡੈਲਟਾ ਟਰੱਕ ਡਰਾਈਵਿੰਗ ਸਕੂਲ ਲੈਥਰੋਪ, ਡਾਕਟਰ ਪਰਮ ਗਿੱਲ, ਦਲਵੀਰ ਸਿੰਘ ਸੰਧੂ ਸਟਾਕਟਨ, ਬੂਟਾ ਬਾਸੀ ਸਾਂਝੀ ਸੋਚ, ਜਗਦੇਵ ਭੰਡਾਲ ਗਲੋਬਲ ਟੀ. ਵੀ., ਪ੍ਰੇਮ ਚੂੰਬਰ ਦੇਸ਼ ਦੁਆਬਾ, ਮਨਜੀਤ ਕੌਰ ਸਟਾਕਟਨ, ਬਿੱਲਾ ਸੈਦੋਕੇ ਫਰੀਜ਼ਨੋ, ਹਰਦੀਪ ਸਿੰਘ ਕੁਲਾਰ (ਕੁਲਾਰ ਟਰੱਕਿੰਗ) ਪੱਤਰ ਟੈਕਸ ਸਰਵਿਸ, ਕੁਲਵਿੰਦਰ ਸਿੰਘ ਪੰਜਾਬ ਐਕਸਪ੍ਰੈਸ ਰੈਸਟੋਰੈਂਟ ਟਰਲਕ, ਦੀਪ ਸੰਘਾ ਸਟਾਕਟਨ

ਨੋਟ : ਪ੍ਰੋਗਰਾਮ ਦੀ ਕਵਰੇਜ਼ ਗਲੋਬਲ ਪੰਜਾਬ ਟੀ. ਵੀ. ਵੱਲੋਂ ਕੀਤੀ ਜਾਵੇਗੀ।



# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਮਾਰਚ 2, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਆਰੰਭ ਸ੍ਰੀ ਅਖੰਡ ਪਾਠ ਸਾਹਿਬ 28 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ
1 ਮਾਰਚ (ਦਿਨ ਸ਼ਨੀਚਰਵਾਰ) ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 2 ਮਾਰਚ ਐਤਵਾਰ, ਸਵੇਰੇ 9.30 ਵਜੇ

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ

**559-486-3091**

## ਸਮੂਹ ਪ੍ਰਬੰਧਕ ਕਮੇਟੀ

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**


ੴ ਸਤਿਗੁਰ ਪ੍ਰਸਾਦਿ॥

## ਐਸੀ ਲਾਲ ਤੁਝ ਬਿਨ ਕਾਉਨ ਕਰੈ॥
## ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਉਪਰੋਕਤ ਸੱਤਰਾਂ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਸ਼ਬਦ:

ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ

ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ’ਚ ਬਿਰਾਜਮਾਨ ਹਨ, ’ਚ ਉਚਾਰਨ ਕੀਤੀਆਂ ਹਨ। ਉਸ ਸ੍ਰੀ ਅਕਾਲ ਪੁਰਖ ਦੀ ਆਪਾਰ ਬਖਸ਼ਿਸ਼ ਸਦਕਾ ਕੋਈ ਪੱਚੀ ਸਾਲ ਬਾਅਦ ਸਾਡੇ ਘਰ ਦੋ ਨੰਨੇ ਮੁੰਨੇ ਬੱਚੇ ਅਮੋਲ ਪ੍ਰੀਤ ਭਾਟੀਆ (ਲੜਕੀ) ਅਤੇ ਬ੍ਰਹਮ ਨੂਰ ਭਾਟੀਆ (ਲੜਕਾ) ਦਾ ਜਨਮ ਹੋਇਆ। ਅਸੀਂ ਸੰਧਿਆ ਭਾਟੀਆ (ਬੱਚਿਆਂ ਦੀ ਮਾਤਾ) ਅਤੇ ਰਾਮ ਸੇਵਕ ਭਾਟੀਆ (ਬੱਚਿਆਂ ਦੇ ਪਿਤਾ) ਅਤੇ ਸਮੂਹ ਭਾਟੀਆ ਪਰਿਵਾਰ ਉਸ ਪ੍ਰਵਰਦਗਾਰ ਦਾ ਲੱਖ ਲੱਖ ਸ਼ੁਕਰ ਗੁਜ਼ਾਰ ਹਾਂ ਅਤੇ ਸਤਿਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੇ ਸ਼ੁਭ ਅਵਸਰ ਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈ ਦਿੰਦੇ ਹਾਂ।



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ



ਸ੍ਰੀ ਰਾਮ ਸੇਵਕ ਭਾਟੀਆਂ ਉਹਨਾਂ ਦੇ ਪੁੱਤਰ ਨਾਲ ਅਤੇ ਸ੍ਰੀਮਤੀ ਸੰਧਿਆ ਭਾਟੀਆ ਪੁੱਤਰੀ ਨਾਲ





ਛੋਟੇ ਬੱਚੇ ਅਮੋਲ ਪ੍ਰੀਤ ਭਾਟੀਆ ਅਤੇ ਬ੍ਰਹਮ ਨੂਰ ਭਾਟੀਆ (ਭੈਣ ਅਤੇ ਭਰਾ)



ਬੱਚੇ ਅਮੋਲ ਪ੍ਰੀਤ ਭਾਟੀਆ ਅਤੇ ਬ੍ਰਹਮ ਨੂਰ ਭਾਟੀਆ ਆਪਣੀ ਮਾਤਾ, ਪਿਤਾ, ਨਾਨੀ ਅਤੇ ਨਾਨਾ ਜੀ ਨਾਲ। (ਫੋਟੋਆਂ ਪ੍ਰੇਮ ਚੁੰਬਰ)

# INDIA MARKET

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ



ਕਸ਼ਮੀਰ ਸਿੰਘ ਹੀਰਾ






ਬਰਿੰਦਰ ਬੰਗੜ

Sweets Spices Chaat House

We accept EBT cards

916-786-7666

1265 Pleasant Grove Blvd.
# 100 Roseville, CA 95747

We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & morel

We accept EBT cards

916-338-5511

5203 Elkhorn Blvd.Sacramento, CA 95842

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food

Catering for All occasions up to 10000 guests

Lunch - Dinner - Take Out - Banquets



Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

# ਐਸੀ ਲਾਲ ਤੁਝ ਬਿਨ ਕਾਉਨ ਕਰੈ॥
# ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥


ਮਹਾਂਰਿਸ਼ੀ ਵਾਲਮੀਕ ਜੀ

ਮਹਾਂਰਿਸ਼ੀ ਵਾਲਮੀਕ ਸਭਾ ਯੂ ਐਸ ਏ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਨੂੰ ਲੱਖ-ਲੱਖ ਮੁਬਾਰਕਾਂ। ਆਓ ਆਪਾਂ ਸਾਰੇ ਰਲ-ਮਿਲ ਕੇ ਮਨਾਏ ਜਾ ਰਹੇ ਪ੍ਰਕਾਸ਼ ਦਿਹਾੜੇ ਮੌਕੇ ਹਾਜ਼ਰੀਆਂ ਲਵਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।


ਸ੍ਰੀ ਗੁਰੂ ਰਵਿਦਾਸ ਜੀ

**ਪ੍ਰੇਮ ਸੌਂਧੀ (ਪ੍ਰਧਾਨ)**
(530) 751-3887

**ਸੋਹਣ ਲਾਲ ਸਹੋਤਾ** (530) 674-9766
ਸੇਵਾ ਮੁਕਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ

**ਸੰਤੋਖ ਸਿੰਘ ਗਿੱਲ (ਜਨਰਲ ਸਕੱਤਰ)**
(530) 740-3056

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

## ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ
## ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੋਕਾਈ ਨੂੰ ਲੱਖ ਲੱਖ ਵਧਾਈਆਂ



ਸ੍ਰੀਮਤੀ ਅਤੇ ਸ੍ਰੀ ਹਰਬਿਲਾਸ ਰੱਲ੍ਹ ਅਤੇ ਉਹਨਾਂ ਦੇ ਸਪੁੱਤਰ ਦਿਲਵਿੰਦਰ ਰੱਲ੍ਹ ਅਤੇ ਸਮੂਹ ਪਰਿਵਾਰ


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

**ਸ੍ਰੀ ਦਿਲਵਿੰਦਰ ਰੱਲ੍ਹ**
ਖਜਾਨਚੀ
(ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ)

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

# ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ

## ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੋਕਾਈ ਨੂੰ ਲੱਖ ਲੱਖ ਵਧਾਈਆਂ



ਗਿਆਨ ਸੁਮਨ ਤੇ ਰਮੇਸ਼ ਸੁਮਨ (ਰਿਐਲਟਰ)

ਵਲੋਂ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

# ਰਮੇਸ਼ ਸੁਮਨ
# ਗਿਆਨ ਸੁਮਨ

(ਕੈਸ਼ੀਅਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ) ਤੇ ਸਮੂਹ ਪਰਿਵਾਰ

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

# ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ

## ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੋਕਾਈ ਨੂੰ ਲੱਖ ਲੱਖ ਵਧਾਈਆਂ





ਸ੍ਰੀ ਮਹਿਮੀ ਵਲੋਹੇ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਮੌਕੇ ਸਮੁੱਚੀ ਲੋਕਾਈ ਨੂੰ ਲੱਖ ਲੱਖ ਵਧਾਈਆਂ।

ਸ੍ਰੀ ਮਹਿਮੀ ਵਲੋਹੇ ਤੇ ਸਮੂਹ ਪਰਿਵਾਰ






ਭਾਈ ਅਵਤਾਰ ਸਿੰਘ ਧਾਮੀ


ਭਾਈ ਹਰਚਰਨ ਸਿੰਘ


ਬੀਬੀ ਰਣਬੀਰ ਕੌਰ


ਭਾਈ ਜਸਵੰਤ ਸਿੰਘ ਸੈਣੀ


ਭਾਈ ਗੁਰਚਰਨ ਸਿੰਘ ਮਾਨ

## ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਫਰੀਮਾਂਟ ਗੁਰੂ ਘਰ ਵਿਚ ਲਾਈਫ ਟਾਈਮ ਪ੍ਰਬੰਧਕ ਹੋਣ ਦਾ ਦਾਅਵਾ ਕਰਨ ਵਾਲੇ ਫੇਲ੍ਹ ਹੋਏ ਸਰਬ ਸੰਮਤੀ ਦੇ ਸਿਸਟਮ ਕਾਰਨ, ਕਚਹਿਰੀਆਂ ਵਿਚ ਸੰਗਤਾਂ ਦੇ ਲੱਖਾਂ ਡਾਲਰ ਖਰਚਣ ਤੋਂ ਬਾਅਦ, ਅਦਾਲਤ ਵੱਲੋਂ ਚੋਣ ਪ੍ਰਣਾਲੀ ਲਾਗੂ ਕੀਤੀ ਗਈ ਸੀ। ਜਿਸ ਨਾਲ ਸੰਗਤਾਂ ਨੂੰ ਪ੍ਰਬੰਧਕ ਚੁਣਨ ਦਾ ਹੱਕ ਮਿਲਿਆ ਸੀ। ਸੰਗਤਾਂ ਨੇ ਦੋ ਸਾਲ ਦੀ ਪ੍ਰਬੰਧਕਾਂ ਦੀ ਟਰਮ 77.5% ਵੋਟਾਂ ਪਾ ਕੇ ਪਾਸ ਕੀਤੀ ਸੀ। ਉਹ ਹੀ ਗਰੁੱਪ ਕੁਝ ਸੰਗਤਾਂ ਨੂੰ ਗੁਰਮਤਾ ਅਤੇ ਸਰਬਸੰਮਤੀ ਦਾ ਭੁਲੇਖਾ ਪਾ ਕੇ ਸੰਗਤਾਂ ਦਾ ਪ੍ਰਬੰਧਕ ਚੁਣਨ ਦਾ ਹੱਕ ਖਤਮ ਕਰਨ ਦੇ ਮਨਸੂਬੇ ਬਣਾ ਰਹੇ ਹਨ। ਅਸੀਂ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ **ਭਾਈ ਅਵਤਾਰ ਸਿੰਘ ਧਾਮੀ, ਭਾਈ ਹਰਚਰਨ ਸਿੰਘ, ਬੀਬੀ ਰਣਬੀਰ ਕੌਰ, ਭਾਈ ਜਸਵੰਤ ਸਿੰਘ ਸੈਣੀ, ਭਾਈ ਗੁਰਚਰਨ ਸਿੰਘ ਮਾਨ** ਨੂੰ ਆਪਣਾ ਕੀਮਤੀ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ। ਅਸੀਂ ਸੰਗਤ ਦੇ ਹੱਕਾਂ ਦੀ ਰਾਖੀ ਕਰਾਂਗੇ। ਤਾਂਕਿ ਵਿਰੋਧੀਆਂ ਦੇ ਮਨਸੂਬਿਆਂ ਨੂੰ ਸਫ਼ਲ ਹੋਣ ਤੋਂ ਰੋਕਿਆ ਜਾਵੇ।

**ਜਾਣਕਾਰੀ ਲਈ ਸੰਪਰਕ ਕਰੋ:**

**ਅਵਤਾਰ ਸਿੰਘ ਧਾਮੀ (510) 376-9124**